ਬੁੱਧਵਾਰ, 29 ਜਨਵਰੀ, 2025
14 ਮਾਘ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 239

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • WEDNESDAY, 29 JANUARY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਡੱਲੇਵਾਲ ਮਸ਼ਵਰਿਆਂ ਤੋਂ ਅਣਜਾਣ ਪਰ ਏਕਾ ਛੇਤੀ ਕਰਨ 'ਤੇ ਜ਼ੋਰ

ਪਟਿਆਲਾ : ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਆਪਣੇ ਮਰਨ ਵਰਤ ਦੇ 64ਵੇਂ ਦਿਨ ਮੰਗਲਵਾਰ ਕਿਹਾ ਕਿ ਉਹ ਸਰਕਾਰ ਵੱਲੋਂ ਕਿਸਾਨੀ ਮੰਗਾਂ ਮੰਨੇ ਜਾਣ ਤੱਕ ਭੁੱਖ ਹੜਤਾਲ ਜਾਰੀ ਰੱਖਣਗੇ। ਇਸਦੇ ਨਾਲ ਹੀ ਡੱਲੇਵਾਲ ਨੇ ਕਿਸਾਨ ਫੋਰਮਾਂ ਵੱਲੋਂ 'ਸਾਂਝਾ ਫਰੰਟ' ਬਣਾਉਣ 'ਚ ਕੀਤੀ ਜਾ ਰਹੀ ਦੇਰੀ ਉੱਤੇ ਉਜਰ ਜਤਾਉਂਦਿਆਂ ਕਿਹਾ ਕਿ ਵਾਰ-ਵਾਰ ਬੈਠਕਾਂ ਕਰਨਾ ਚੰਗਾ ਨਹੀਂ ਹੈ। ਇਹ ਲੋਕਾਂ ਦੀਆਂ ਭਾਵਨਾਵਾਂ ਹਨ ਕਿ ਅਸੀਂ ਮਿਲ ਕੇ ਲੜਾਈ ਲੜੀਏ। ਖਨੌਰੀ ਬਾਰਡਰ ਉੱਤੇ 4 ਜਨਵਰੀ ਨੂੰ ਕਿਸਾਨ ਮਹਾਂਪੰਚਾਇਤ ਨੂੰ ਸੰਬੋਧਨ ਕਰਨ ਮਗਰੋਂ ਡੱਲੇਵਾਲ ਨੇ ਪਹਿਲੀ ਵਾਰ ਮੀਡੀਆ ਦੇ ਰੂਬਰੂ ਹੁੰਦਿਆਂ ਕਿਹਾ ਕਿ ਉਨ੍ਹਾ ਸਰਕਾਰ ਵੱਲੋਂ 14 ਫਰਵਰੀ ਲਈ ਦਿੱਤੇ ਗੱਲਬਾਤ ਦੇ ਸੱਦੇ ਮਗਰੋਂ ਸਿਰਫ ਮੈਡੀਕਲ ਏਡ ਲੈਣ ਦੀ ਸਹਿਮਤੀ ਦਿੱਤੀ ਸੀ। ਡੱਲੇਵਾਲ ਨੇ ਕਿਹਾ ਕਿ ਮੌਜੂਦਾ ਸਮੇਂ ਉਨ੍ਹਾ ਦੀ ਸਿਹਤ ਉਨ੍ਹਾ ਨੂੰ ਨਿੱਜੀ ਤੌਰ 'ਤੇ ਚੰਡੀਗੜ੍ਹ ਜਾ ਕੇ ਗੱਲਬਾਤ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੰਦੀ। ਕਿਸਾਨ ਆਗੂ ਨੇ ਕਿਹਾ—ਮੈਂ ਦੇਸ਼-ਭਰ ਦੇ ਕਿਸਾਨਾਂ, ਜੋ ਐੱਮ ਐੱਸ ਪੀ ਦੀ ਕਾਨੂੰਨੀ ਗਾਰੰਟੀ ਦੇ ਮੁੱਦੇ ਉੱਤੇ ਸਾਡੀ ਹਮਾਇਤ ਕਰ ਰਹੇ ਹਨ, ਨੂੰ ਅਪੀਲ

ਕਰਦਾ ਹਾਂ ਕਿ ਉਹ 12 ਫਰਵਰੀ ਨੂੰ ਖਨੌਰੀ ਬਾਰਡਰ ਉੱਤੇ ਪਹੁੰਚਣ, ਕਿਉਂਕਿ ਉਸ ਦਿਨ ਸਾਡੇ ਅੰਦੋਲਨ ਨੂੰ ਇਕ ਸਾਲ ਪੂਰਾ ਹੋ ਜਾਵੇਗਾ। ਮੈਂ ਆਸ ਕਰਦਾ ਹਾਂ ਕਿ ਖਨੌਰੀ ਬਾਰਡਰ ਉੱਤੇ ਵੱਡਾ ਇਕੱਠ ਮੈਨੂੰ ਨਵੀਂ ਊਰਜਾ ਦੇਵੇਗਾ ਤੇ ਮੈਨੂੰ ਕੇਂਦਰ ਸਰਕਾਰ ਦੇ ਵਫਦ ਨਾਲ ਹੋਣ ਵਾਲੀ ਗੱਲਬਾਤ ਵਿਚ ਸਰੀਰਕ ਤੌਰ 'ਤੇ ਮੌਜੂਦ ਰਹਿਣ ਦੀ ਤਾਕਤ ਬਖਸ਼ੇਗਾ।

ਡੱਲੇਵਾਲ ਨੇ ਕਿਹਾ—ਮੋਗਾ ਵਿਚ ਕਿਸਾਨ ਮਹਾਪੰਚਾਇਤ ਤੋਂ ਬਾਅਦ ਐੱਸ ਕੇ ਐੱਮ (ਆਲ-ਇੰਡੀਆ) ਦੇ ਆਗੂ 'ਏਕੇ' ਦੇ ਮਤੇ ਨਾਲ ਖਨੌਰੀ ਆਏ ਸਨ। ਕਿਸਾਨ ਆਗੂ ਨੇ ਕਿਹਾ—ਜੋ ਮਤਾ ਪਾਸ ਹੋਇਆ ਸੀ ਤੇ ਲੋਕਾਂ ਨੇ ਇਸ ਦੀ ਹਮਾਇਤ ਕੀਤੀ ਸੀ, ਹੁਣ ਫਿਰ ਇਸ ਵਿਚ ਕੀ ਅੜਿੱਕਾ ਹੈ। ਅਸੀਂ ਐੱਮ ਐੱਸ ਪੀ ਦੀ ਮੰਗ ਕਰ ਰਹੇ ਹਾਂ ਤੇ ਅਸੀਂ ਜਿੱਤ ਵੱਲ ਵਧ ਰਹੇ ਹਾਂ। ਮੈਨੂੰ ਨਹੀਂ ਪਤਾ ਕਿ ਸਾਂਝਾ ਫਰੰਟ ਬਣਾਉਣ ਵਿਚ ਇੰਨਾ ਸਮਾਂ ਕਿਉਂ ਲੱਗ ਰਿਹਾ ਹੈ। ਬੈਠਕਾਂ ਦੇ ਕਈ ਦੌਰ ਹੋ ਚੁੱਕੇ ਹਨ। ਮੈਂ ਇਨ੍ਹਾਂ ਬੈਠਕਾਂ ਵਿੱਚ ਨਹੀਂ ਗਿਆ, ਇਸ ਲਈ ਮੈਨੂੰ ਨਹੀਂ ਪਤਾ ਕਿ ਕੀ ਹੋ ਰਿਹਾ ਹੈ। ਐੱਸ ਕੇ ਐੱਮ (ਆਲ ਇੰਡੀਆ) ਦੇ ਆਗੂਆਂ ਨਾਲ ਗੱਲਬਾਤ ਕਰਨ ਵਾਲੇ ਵਫਦ ਨੇ ਵੀ ਮੈਨੂੰ ਕੁਝ ਨਹੀਂ ਦੱਸਿਆ। ਵਾਰ-ਵਾਰ ਬੈਠਕਾਂ ਕਰਨਾ ਚੰਗਾ ਨਹੀਂ ਹੈ। ਇਹ ਲੋਕਾਂ ਦੀਆਂ ਭਾਵਨਾਵਾਂ ਹਨ ਕਿ ਅਸੀਂ ਮਿਲ ਕੇ ਲੜਾਈ ਲੜੀਏ। ਐੱਸ ਕੇ ਐੱਮ (ਆਲ ਇੰਡੀਆ), ਐੱਸ ਕੇ ਐੱਮ (ਗੈਰਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂਆਂ ਦਰਮਿਆਨ ਹੁਣ ਤੱਕ ਦੋ ਬੈਠਕਾਂ (13 ਜਨਵਰੀ ਤੇ 18 ਜਨਵਰੀ) ਹੋਈਆਂ ਹਨ, ਜਿਨ੍ਹਾਂ ਵਿੱਚ ਜੋਗਿੰਦਰ ਸਿੰਘ ਉਗਰਾਹਾਂ, ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨ ਪਾਲ, ਸਰਵਣ ਸਿੰਘ ਪੰਧੇਰ, ਮਨਜੀਤ ਰਾਏ, ਕਾਕਾ ਸਿੰਘ ਕੋਟੜਾ ਤੇ ਅਭਿਮੰਨਿਊ ਕੋਹਾੜ ਆਦਿ ਸ਼ਾਮਲ ਸਨ।

ਟਰੰਪ ਵੱਲੋਂ ਭਾਰਤ, ਚੀਨ ਤੇ ਬ੍ਰਾਜ਼ੀਲ 'ਤੇ ਭਾਰੀ ਟੈਕਸ ਲਾਉਣ ਦੀ ਧਮਕੀ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਫਲੋਰਿਡਾ 'ਚ ਇੱਕ ਪ੍ਰੋਗਰਾਮ 'ਚ ਭਾਰਤ, ਚੀਨ ਤੇ ਬ੍ਰਾਜ਼ੀਲ ਵਰਗੇ ਦੇਸ਼ਾਂ 'ਤੇ ਭਾਰੀ ਟੈਕਸ ਲਾਉਣ ਦੀ ਧਮਕੀ ਦਿੱਤੀ। ਉਨ੍ਹਾ ਕਿਹਾ ਕਿ ਹੁਣ ਵਕਤ ਆ ਗਿਆ ਹੈ ਕਿ ਅਮਰੀਕਾ ਵਾਪਸ ਉਸ ਸਿਸਟਮ ਨੂੰ ਅਪਣਾਏ, ਜਿਸ ਨੇ ਉਸ ਨੂੰ ਧਨੀ ਤੇ ਤਾਕਤਵਰ ਬਣਾਇਆ। ਟਰੰਪ ਨੇ ਕਿਹਾ—ਅਸੀਂ ਉਨ੍ਹਾਂ ਦੇਸ਼ਾਂ ਤੇ ਬਾਹਰੀ ਲੋਕਾਂ 'ਤੇ ਟੈਰਿਫ ਲਾਉਣ ਜਾ ਰਹੇ ਹਾਂ, ਜਿਹੜੇ ਸਾਨੂੰ ਨੁਕਸਾਨ ਪਹੁੰਚਾਉਂਦੇ ਹਨ। ਦੇਖੋ ਦੂਜੇ ਦੇਸ਼ ਕੀ ਕਰਦੇ ਹਨ। ਚੀਨ ਬਹੁਤ ਜ਼ਿਆਦਾ ਟੈਰਿਫ ਲਾਉਂਦਾ ਹੈ। ਭਾਰਤ, ਬ੍ਰਾਜ਼ੀਲ ਤੇ ਬਾਕੀ ਦੇਸ਼ ਵੀ ਅਜਿਹਾ ਹੀ ਕਰਦੇ ਹਨ। ਅਸੀਂ ਅਜਿਹਾ ਹੁਣ ਹੋਰ ਨਹੀਂ ਹੋਣ ਦੇਵਾਂਗੇ, ਕਿਉਂਕਿ ਅਸੀਂ ਅਮਰੀਕਾ ਨੂੰ ਪਹਿਲਾਂ ਰੱਖਾਂਗੇ।

ਟਰੰਪ ਨੇ ਕਿਹਾ ਕਿ ਬ੍ਰਾਜ਼ੀਲ, ਚੀਨ ਤੇ ਭਾਰਤ ਆਪਣੇ ਹਿੱਤਾਂ ਲਈ ਕੰਮ ਕਰ ਰਹੇ ਹਨ, ਪਰ ਇਸ ਨਾਲ ਅਮਰੀਕਾ ਨੂੰ ਨੁਕਸਾਨ ਪੁੱਜ ਰਿਹਾ ਹੈ। ਅਮਰੀਕਾ ਇੱਕ ਇਮਾਨਦਾਰ ਸਿਸਟਮ ਤਿਆਰ ਕਰੇਗਾ, ਜਿਸ ਨਾਲ ਸਾਡੇ ਖਜ਼ਾਨੇ ਵਿੱਚ ਪੈਸਾ ਆਏਗਾ ਤੇ ਅਮਰੀਕਾ ਫਿਰ ਤੋਂ ਅਮੀਰ ਹੋ ਜਾਏਗਾ। ਇਹ ਸਭ ਕੁਝ ਬਹੁਤ ਛੇਤੀ ਹੋਵੇਗਾ।

ਟਰੰਪ ਨੇ ਕਿਹਾ—ਦੂਜੇ ਦੇਸ਼ਾਂ ਨੂੰ ਅਮੀਰ ਬਣਾਉਣ ਲਈ ਆਪਣੇ ਲੋਕਾਂ 'ਤੇ ਟੈਕਸ ਲਾਉਣ ਦੀ ਥਾਂ ਅਸੀਂ ਆਪਣੇ ਲੋਕਾਂ ਨੂੰ ਅਮੀਰ ਬਣਾਉਣ ਲਈ ਦੂਜੇ ਦੇਸ਼ਾਂ 'ਤੇ ਟੈਕਸ ਲਾਵਾਂਗੇ। ਵਿਦੇਸ਼ੀ ਕੰਪਨੀਆਂ ਹਾਈ ਟੈਰਿਫ ਤੋਂ ਬਚਣਾ ਚਾਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਅਮਰੀਕਾ 'ਚ ਆਪਣਾ ਪਲਾਂਟ ਲਾਉਣਾ ਹੋਵੇਗਾ।

'ਅਮਰੀਕਾ ਫਸਟ' ਦਾ ਨਾਅਰਾ ਦਿੰਦਿਆਂ ਟਰੰਪ ਨੇ ਕਿਹਾ—ਜਦੋਂ ਹੋਰ ਦੇਸ਼ਾਂ 'ਤੇ ਟੈਕਸ ਵਧਣਗੇ ਤਾਂ ਅਮਰੀਕੀ ਵਰਕਰਾਂ ਤੇ ਸਨਅਤਾਂ 'ਤੇ ਟੈਕਸ ਘੱਟ ਹੋ ਜਾਣਗੇ। ਇਸ ਨਾਲ ਸਾਡੇ ਦੇਸ਼ ਵਿੱਚ ਵੱਡੀ ਗਿਣਤੀ 'ਚ ਨੌਕਰੀਆਂ ਪੈਦਾ ਹੋਣਗੀਆਂ ਅਤੇ ਕਾਰਖਾਨੇ ਲੱਗਣਗੇ।

ਟਰੰਪ ਨੇ ਮੋਦੀ ਕੋਲ ਨਾਜਾਇਜ਼ ਪਰਵਾਸੀਆਂ ਦਾ ਮੁੱਦਾ ਉਠਾਇਆ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੈਰ-ਕਾਨੂੰਨੀ ਪ੍ਰਵਾਸੀਆਂ ਬਾਰੇ 'ਜੋ ਸਹੀ ਹੈ' ਉਹ ਕਰਨਗੇ ਅਤੇ ਇਸ ਗੱਲ ਨੂੰ ਮੁੱਖ ਰੱਖਦਿਆਂ ਭਾਰਤ ਨਾਲ ਗੱਲਬਾਤ ਚੱਲ ਰਹੀ ਹੈ। ਟਰੰਪ ਨੇ ਸੋਮਵਾਰ ਫਲੋਰੀਡਾ ਤੋਂ ਸੰਯੁਕਤ ਬੇਸ ਐਂਡਰਿਊਜ਼ 'ਤੇ ਵਾਪਸ ਜਾਣ ਸਮੇਂ ਏਅਰ ਫੋਰਸ ਵਨ 'ਤੇ ਸਵਾਰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਇਹ ਵੀ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਦੇ ਫਰਵਰੀ 'ਚ ਵ੍ਹਾਈਟ ਹਾਊਸ ਆਉਣ ਦੀ ਸੰਭਾਵਨਾ ਹੈ।

ਵੱਖਰੇ ਤੌਰ 'ਤੇ ਦੋਵਾਂ ਨੇਤਾਵਾਂ ਵਿਚਕਾਰ ਇੱਕ ਫੋਨ ਕਾਲ ਦੇ ਗੰਡਆਊਟ 'ਚ ਵ੍ਹਾਈਟ ਹਾਊਸ ਨੇ ਕਿਹਾ ਕਿ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕੀਤੀ ਅਤੇ ਨਿਰਪੱਖ ਦੁਵੱਲੇ ਵਪਾਰਕ ਸੰਬੰਧਾਂ, ਡੂੰਘੇ ਭਾਰਤ-ਅਮਰੀਕਾ ਸਹਿਯੋਗ ਵੱਲ ਕਦਮ ਵਧਾਉਣ ਦੀ ਮੰਗ ਕੀਤੀ। ਸੋਮਵਾਰ ਨੂੰ ਫਲੋਰੀਡਾ ਦੇ ਰਿਟ੍ਰੀਟ 'ਤੇ ਹਾਊਸ ਰਿਪਬਲੀਕਨਾਂ ਨਾਲ ਗੱਲਬਾਤ ਕਰਦੇ ਹੋਏ ਟਰੰਪ ਨੇ ਕਿਹਾ ਕਿ ਅਮਰੀਕਾ ਉਨ੍ਹਾਂ ਦੇਸ਼ਾਂ 'ਤੇ ਟੈਕਸ ਲਗਾਏਗਾ, ਜੋ ਅਮਰੀਕਾ ਨੂੰ ਨੁਕਸਾਨ ਪਹੁੰਚਾਉਂਦੇ ਹਨ। ਟਰੰਪ ਚੀਨ, ਭਾਰਤ ਅਤੇ ਬ੍ਰਾਜ਼ੀਲ ਨੂੰ ਉੱਚ ਟੈਕਸ ਵਾਲੇ ਦੇਸ਼ ਮੰਨਦੇ ਹਨ।

ਵ੍ਹਾਈਟ ਹਾਊਸ ਨੇ ਕਿਹਾ ਕਿ ਆਪਣੀ ਫੋਨ ਕਾਲ ਦੌਰਾਨ ਦੋਵਾਂ ਨੇਤਾਵਾਂ ਨੇ ਮੋਦੀ ਦੇ ਅਮਰੀਕਾ ਦੌਰੇ ਦੀ ਯੋਜਨਾ 'ਤੇ ਵੀ ਚਰਚਾ ਕੀਤੀ। ਪੱਤਰਕਾਰਾਂ ਜਦੋਂ ਪੁੱਛਿਆ ਕਿ ਕੀ ਮੋਦੀ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲੈਣ ਲਈ ਸਹਿਮਤ ਹੋਏ, ਟਰੰਪ ਨੇ ਕਿਹਾ, "ਉਹ (ਮੋਦੀ) ਉਹੀ ਕਰਨਗੇ ਜੋ ਸਹੀ ਹੈ। ਅਸੀਂ ਚਰਚਾ ਕਰ ਰਹੇ ਹਾਂ।"

ਜ਼ਾਬਤਾ ਫੌਜਦਾਰੀ 'ਚ ਵਟਸਐਪ ਰਾਹੀਂ ਨੋਟਿਸ ਅਯੋਗ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਕਿਹਾ ਹੈ ਕਿ ਪੁਲਸ ਕਿਸੇ ਵੀ ਮੁਲਜ਼ਮ ਨੂੰ ਜ਼ਾਬਤਾ ਫੌਜਦਾਰੀ ਜਾਂ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ 2023 ਤਹਿਤ ਵਟਸਐਪ ਜਾਂ ਹੋਰ ਕਿਸੇ ਇਲੈਕਟ੍ਰਾਨਿਕ ਵਿਧੀ ਰਾਹੀਂ ਨੋਟਿਸ ਨਹੀਂ ਭੇਜ ਸਕਦੀ। ਜਸਟਿਸ ਐੱਮ ਐੱਮ ਸੁੰਦਰੇਸ਼ ਅਤੇ ਜਸਟਿਸ ਰਾਜੇਸ਼ ਬਿੰਦਲ ਦੀ ਬੈਂਚ ਨੇ ਮੰਗਲਵਾਰ ਸਾਰੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਹਦਾਇਤ ਕੀਤੀ ਕਿ ਉਹ ਜ਼ਾਬਤਾ ਫੌਜਦਾਰੀ 1973 ਦੀ ਧਾਰਾ 41ਏ ਜਾਂ ਬੀ ਐੱਨ ਐੱਸ ਐੱਸ 2023 ਦੀ ਧਾਰਾ 35 ਤਹਿਤ ਨੋਟਿਸ ਜਾਰੀ ਕਰਨ ਲਈ ਪੁਲਸ ਨੂੰ ਢੁਕਵੇਂ ਨਿਰਦੇਸ਼ ਜਾਰੀ ਕਰਨ ਅਤੇ ਅਜਿਹੇ ਨੋਟਿਸ ਕਾਨੂੰਨ ਤਹਿਤ ਪ੍ਰਵਾਨਤ ਮੋਡ ਰਾਹੀਂ ਹੀ ਜਾਰੀ ਕੀਤੇ ਜਾਣ।

ਰਾਣਾ ਅਯੂਬ ਖਿਲਾਫ ਐੱਫ ਆਈ ਆਰ ਦਰਜ ਕਰਨ ਦੀ ਹਦਾਇਤ

ਨਵੀਂ ਦਿੱਲੀ : ਸਾਕੇਤ ਕੋਰਟ ਦੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਹਿਮਾਂਸ਼ੂ ਰਮਨ ਸਿੰਘ ਨੇ 2016-17 ਵਿੱਚ ਪਾਈਆਂ ਪੋਸਟਾਂ ਨੂੰ ਲੈ ਕੇ ਪੱਤਰਕਾਰ ਰਾਣਾ ਅਯੂਬ ਖਿਲਾਫ ਦਿੱਲੀ ਪੁਲਸ ਨੂੰ ਐੱਫ ਆਈ ਆਰ ਦਰਜ ਕਰਨ ਦੀ ਹਦਾਇਤ ਕੀਤੀ ਹੈ। ਕੋਰਟ ਮੁਤਾਬਕ ਮਾਮਲਾ ਬਣਦਾ ਹੈ ਤੇ ਦਿੱਲੀ ਪੁਲਸ ਨਿਰਪੱਖ ਜਾਂਚ ਕਰੇ। ਐਡਵੋਕੇਟ ਅਮੀਤਾ ਸਚਦੇਵਾ ਨੇ ਸ਼ਿਕਾਇਤ ਕੀਤੀ ਸੀ ਕਿ ਰਾਣਾ ਅਯੂਬ ਨੇ ਪੋਸਟਾਂ 'ਚ ਹਿੰਦੂ ਦੇਵੀ-ਦੇਵਤਿਆਂ ਦੀ ਤੌਹੀਨ ਕੀਤੀ ਤੇ ਭਾਰਤ-ਵਿਰੋਧੀ ਭਾਵਨਾਵਾਂ ਫੈਲਾਈਆਂ।

ਇਮਾਰਤ ਢਹਿਣ ਨਾਲ 2 ਮੌਤਾਂ

ਨਵੀਂ ਦਿੱਲੀ : ਉੱਤਰੀ ਦਿੱਲੀ ਦੇ ਬੁਰਾੜੀ ਇਲਾਕੇ 'ਚ ਆਸਕਰ ਪਬਲਿਕ ਸਕੂਲ ਨੇੜੇ ਨਵੀਂ ਬਣੀ ਚਾਰ ਮੰਜ਼ਿਲਾ ਇਮਾਰਤ ਢਹਿਣ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਹੈ। ਪੁਲਸ ਨੇ 12 ਲੋਕਾਂ ਨੂੰ ਬਚਾਉਣ ਦੀ ਗੱਲ ਕਹੀ ਹੈ।

ਸਟੇਜ ਢਹਿਣ ਨਾਲ 7 ਮੌਤਾਂ

ਬਾਗਪਤ : ਯੂ ਪੀ ਦੇ ਬੜੌਤ ਵਿੱਚ ਜੈਨ ਭਾਈਚਾਰੇ ਦੇ ਸਮਾਗਮ ਦੌਰਾਨ ਲੱਕੜ ਦੀ ਬਣੀ ਸਟੇਜ ਡਿੱਗਣ ਨਾਲ 7 ਵਿਅਕਤੀਆਂ ਦੀ ਮੌਤ ਹੋ ਗਈ ਤੇ 60 ਤੋਂ ਵੱਧ ਲੋਕ ਜ਼ਖਮੀ ਹੋ ਗਏ। ਜੈਨ ਭਾਈਚਾਰੇ ਵੱਲੋਂ ਇਹ ਸਾਲਾਨਾ ਸਮਾਗਮ 30 ਸਾਲਾਂ ਤੋਂ ਕੀਤਾ ਜਾ ਰਿਹਾ ਹੈ।

ਸਜ਼ਾਯਾਫਤਾ ਡੇਰਾ ਮੁਖੀ ਪਹਿਲੀ ਵਾਰ ਸਿਰਸਾ ਪੁੱਜਾ

ਰੋਹਤਕ : ਜਿਨਸੀ ਸ਼ੋਸ਼ਣ ਅਤੇ ਕਤਲ ਦੇ ਮਾਮਲਿਆਂ 'ਚ ਸਜ਼ਾ ਕੱਟ ਰਹੇ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਹਰਿਆਣਾ ਦੀ ਭਾਜਪਾ ਸਰਕਾਰ ਨੇ ਦਿੱਲੀ ਅਸੈਂਬਲੀ ਚੋਣਾਂ ਦੇ ਮੌਕੇ ਇੱਕ ਮਹੀਨੇ ਦੀ ਪੈਰੋਲ ਦੇ ਦਿੱਤੀ ਹੈ ਤੇ ਉਹ ਸਖਤ ਸੁਰੱਖਿਆ ਦੇ ਵਿਚਕਾਰ ਮੰਗਲਵਾਰ ਸਵੇਰੇ ਸੁਨਾਰੀਆ ਜੇਲ੍ਹ ਤੋਂ ਨਿਕਲ ਕੇ ਸਿਰਸਾ ਪੁੱਜ ਗਿਆ। ਇਹ ਪਹਿਲੀ ਵਾਰ ਹੈ ਕਿ 2017 'ਚ ਸਜ਼ਾ ਮਿਲਣ ਦੇ ਬਾਅਦ ਉਸ ਨੂੰ ਸਿਰਸਾ ਡੇਰੇ 'ਚ ਜਾਣ ਦੀ ਇਜਾਜ਼ਤ ਮਿਲੀ ਹੈ। ਉਹ 10 ਦਿਨ ਸਿਰਸਾ ਤੇ 20 ਦਿਨ ਬਾਗਪਤ ਦੇ ਡੇਰੇ ਵਿੱਚ ਰਹੇਗਾ।

ਡੇਰਾ ਮੁਖੀ ਨੂੰ ਸਭ ਤੋਂ ਪਹਿਲਾਂ ਅਕਤੂਬਰ 2020 'ਚ ਮਾਂ ਦੀ ਸਿਹਤ ਖਰਾਬ ਹੋਣ 'ਤੇ 21 ਦਿਨ ਦੀ ਪੈਰੋਲ ਮਿਲੀ ਸੀ। ਇਸ ਤੋਂ ਬਾਅਦ ਮਈ 2021 'ਚ ਮਾਂ ਨਾਲ ਮਿਲਣ ਲਈ ਦੂਜੀ ਵਾਰ ਪੈਰੋਲ ਮਿਲੀ ਸੀ। ਫਰਵਰੀ 2022 'ਚ ਪਰਵਾਰ ਨਾਲ ਮਿਲਣ ਲਈ 21 ਦਿਨ ਦੀ ਫਰਲੋ ਮਿਲੀ ਸੀ। ਜੂਨ 2022 'ਚ 30 ਦਿਨ ਦੀ ਪੈਰੋਲ 'ਤੇ ਧਾਰਮਿਕ ਅਤੇ ਸਮਾਜਿਕ ਪ੍ਰੋਗਰਾਮ ਕੀਤੇ ਗਏ ਸਨ। ਅਕਤੂਬਰ 2022: ਨੂੰ ਦੀਵਾਲੀ 'ਤੇ 40 ਦਿਨ ਦੀ ਪੈਰੋਲ ਮਿਲੀ ਸੀ। ਜਨਵਰੀ 2023 'ਚ 40 ਦਿਨ ਦੀ ਪੈਰੋਲ 'ਤੇ ਉਸ ਨੇ ਆਨਲਾਈਨ ਸਤਿਸੰਗ ਕੀਤਾ ਸੀ।

ਜੁਲਾਈ 2023 'ਚ 30 ਦਿਨ ਦੀ ਪੈਰੋਲ ਮਿਲੀ ਸੀ। ਨਵੰਬਰ 2023 'ਚ 21 ਦਿਨ ਦੀ ਫਰਲੋ 'ਤੇ ਉਹ ਬਾਗਪਤ ਆਸ਼ਰਮ 'ਚ ਰਿਹਾ। ਜਨਵਰੀ 2024 'ਚ 50 ਦਿਨ ਦੀ ਫਰਲੋ ਮਿਲੀ ਸੀ। ਅਗਸਤ 2024 'ਚ 21 ਦਿਨ ਦੀ ਫਰਲੋ ਮਿਲੀ ਤੇ ਉਸ ਨੇ ਕਈ ਪ੍ਰੋਗਰਾਮਾਂ 'ਚ ਭਾਗ ਲਿਆ। ਅਕਤੂਬਰ 2024 'ਚ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੈਰੋਲ ਮਿਲੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਡੇਰਾ ਮੁਖੀ ਨੂੰ ਪੈਰੋਲ ਦੇਣ ਦਾ ਫੈਸਲਾ ਸਰਕਾਰ ਦੀ ਦੋਹਰੀ ਪਹੁੰਚ ਨੂੰ ਦਰਸਾਉਂਦਾ ਹੈ। ਸਰਕਾਰ ਸਿਆਸੀ ਲਾਹੇ ਲਈ ਰਾਮ ਰਹੀਮ ਨੂੰ ਵਾਰ-ਵਾਰ ਫਰਲੋ ਅਤੇ ਪੈਰੋਲ ਦਿੰਦੀ ਹੈ, ਜਦਕਿ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਬੰਦੀ ਸਿੰਘਾਂ ਨੂੰ ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਰਿਹਾਅ ਨਹੀਂ ਕੀਤਾ ਜਾ ਰਿਹਾ ਅਤੇ ਸੁਪਰੀਮ ਕੋਰਟ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਮੁਆਫ਼ੀ 'ਤੇ ਸਰਕਾਰ ਨੂੰ ਫੈਸਲਾ ਕਰਨ ਦੀ ਹਦਾਇਤ ਦੇ ਬਾਵਜੂਦ ਪੱਖਪਾਤੀ ਰਵੱਈਆ ਅਪਣਾਇਆ ਜਾ ਰਿਹਾ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਭਾਜਪਾ ਸਰਕਾਰ ਸਿਆਸੀ ਲਾਹੇ ਲਈ ਰਾਮ ਰਹੀਮ ਦੇ ਘਿਨੌਣੇ ਅਪਰਾਧਾਂ ਨੂੰ ਅੱਖੋਂ-ਉਹਲੇ ਕਰਕੇ ਉਸ ਨੂੰ ਪਹਿਲਾਂ ਵੀ ਚੋਣਾਂ ਸਮੇਂ ਫਰਲੋ ਤੇ ਪੈਰੋਲ ਦੇ ਚੁੱਕੀ ਹੈ ਅਤੇ ਹੁਣ ਫਿਰ ਦਿੱਲੀ ਦੀਆਂ ਚੋਣਾਂ ਅਤੇ

29-JAN-PAGE-1.qxd 1/28/2025 10:43 PM Page 2

ਡੀ ਐੱਸ ਪੀ ਪ੍ਰਿਥਵੀ ਸਿੰਘ ਚਹਿਲ ਸਨਮਾਨਤ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਸਰਕਾਰ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ, ਐਸ ਡੀ ਐਮ ਦਿੜ੍ਹਬਾ ਰਾਜੇਸ਼ ਕੁਮਾਰ ਸ਼ਰਮਾ ਨੇ ਡੀ.ਐਸ.ਪੀ ਪ੍ਰਿਥਵੀ ਸਿੰਘ ਚੈਹਿਲ ਨੂੰ 67 ਵੀ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ ਡਬਲ ਟਰੈਪ ਸ਼ਾਟਗੰਨ ਵਿੱਚ ਗੋਲਡ ਮੈਡਲ ਹਾਸਲ ਕਰਨ 'ਤੇ ਸਨਮਾਨਤ ਕੀਤਾ ਗਿਆ।ਹਰਪਾਲ ਸਿੰਘ ਚੀਮਾ ਨੇ ਡੀ.ਐਸ.ਪੀ ਪ੍ਰਿਥਵੀ ਸਿੰਘ ਚੈਹਿਲ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਨ੍ਹਾਂ ਵੱਲੋਂ ਜਿਥੇ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ ਜਾ ਰਹੀ ਹੈ, ਉਥੇ ਇਨ੍ਹਾਂ ਵੱਲੋਂ ਖੇਡਾਂ ਵਿੱਚ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਜਾ ਰਿਹਾ ਹੈ, ਜੋ ਬਹੁਤ ਹੀ ਸ਼ਲਾਘਾਯੋਗ ਹੈ।ਜ਼ਿਕਰਯੋਗ ਹੈ ਕਿ ਡੀ ਐੱਸ ਪੀ ਪ੍ਰਿਥਵੀ ਸਿੰਘ ਚੈਹਿਲ ਨੇ ਵਿਸ਼ਵ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ 'ਤੇ ਸਭ ਤੋਂ ਛੋਟੀ ਉਮਰ ਦੀ ਸਕੂਲੀ ਟੀਮ ਦੀ ਅਗਵਾਈ ਕਰਕੇ ਮਾਊਂਟ ਐਵਰੈਸਟ ਨੂੰ ਫਤਿਹ ਕੀਤਾ ਅਤੇ ਵਿਸ਼ਵ ਰਿਕਾਰਡ ਬਣਿਆ। ਇਸ ਤੋਂ ਇਲਾਵਾ ਡੀ ਐੱਸ ਪੀ ਪ੍ਰਿਥਵੀ ਸਿੰਘ ਚੈਹਿਲ ਵੱਲੋਂ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸ਼ੂਟਿੰਗ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਕਈ ਮੈਡਲ ਜਿੱਤ ਕੇ ਪੰਜਾਬ ਦੀ ਝੋਲੀ ਵਿਚ ਪਾਏ ਹਨ।

ਧਾਰਮਿਕ ਗ੍ਰੰਥਾਂ ਤੇ ਮਹਾਂਪੁਰਸ਼ਾਂ ਦਾ ਅਪਮਾਨ ਸੋਚੀ ਸਮਝੀ ਸਾਜ਼ਿਸ਼ ਤਹਿਤ : ਕਾਲੀ ਪਾਇਲ

ਦੋਰਾਹਾ (ਹਰਮਿੰਦਰ ਸੇਠ)-ਜਦ ਤੋਂ ਕੇਂਦਰ ਵਿੱਚ ਆਰਐਸਐਸ ਦੀ ਭਾਜਪਾ ਸਰਕਾਰ ਬਣੀ ਹੈ, ਉਸ ਸਮੇਂ ਤੋਂ ਹੀ ਭਾਰਤ ਵਿੱਚ ਮੂਲਨਿਵਾਸੀ ਬਹੁਜਨਾਂ ਦੇ ਮਹਾਂਪੁਰਸ਼ਾਂ ਨੂੰ ਜਲੀਲ ਕਰਨ, ਸੰਵਿਧਾਨ ਨੂੰ ਖਤਮ ਕਰਨ ਅਤੇ ਧਾਰਮਿਕ ਘੱਟ ਗਿਣਤੀਆਂ ਅਤੇ ਮੂਲਨਿਵਾਸੀ ਬਹੁਜਨਾਂ ਦੇ ਧਾਰਮਿਕ ਗ੍ਰੰਥਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਦਾ ਅਪਮਾਨ ਕੀਤਾ ਜਾ ਰਿਹਾ ਹੈ।ਪੰਜਾਬ ਦੀ ਧਰਤੀ 'ਤੇ ਪਹਿਲਾਂ ਮੂਲਨਿਵਾਸੀ ਬਹੁਜਨਾਂ ਦੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕੀਤੀਆਂ ਗਈਆਂ ਤੇ ਹੁਣ ਪੰਜਾਬ ਦੀ ਧਰਤੀ 'ਤੇ ਹੀ ਮੂਲਨਿਵਾਸੀ ਬਹੁਜਨਾਂ ਦੇ ਨਾਇਕ ਅਤੇ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਡਾਕਟਰ ਅੰਬੇਡਕਰ ਸਾਹਿਬ ਜੀ ਮੂਰਤੀ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ ਬੇਅਦਬੀ ਕਰਨਾ ਇੱਕ ਸਾਜ਼ਿਸ਼ ਦਾ ਹਿੱਸਾ ਜਾਪ ਰਿਹਾ ਹੈ ਤਾਂ ਜੁ ਸਿੱਖਾਂ ਅਤੇ ਬਹੁਜਨ ਸਮਾਜ ਦੇ ਲੋਕਾਂ ਵਿੱਚ ਕੁੜੱਤਣ ਵੱਧ ਸਕੇ ਤੇ ਇੱਕ-ਦੂਜੇ ਦੇ ਖਿਲਾਫ ਝੰਡਾ ਬੁਲੰਦ ਕਰਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਅੰਬੇਡਕਰਵਾਦੀ, ਸਮਾਜ ਸੇਵੀ ਤੇ ਵਿਧਾਨ ਸਭਾ ਹਲਕਾ ਪਾਇਲ ਤੋਂ ਆਜ਼ਾਦ ਚੋਣ ਲੜ ਚੁੱਕੇ ਗੁਰਦੀਪ ਸਿੰਘ ਕਾਲੀ ਨੇ ਕੀਤਾ। ਉਹਨਾਂ ਕਿਹਾ ਕਿ ਪੰਜਾਬ ਦੀ ਧਰਤੀ ਤੇ ਲੰਮੇ ਸਮੇਂ ਤੋਂ ਸਿੱਖਾਂ ਨੂੰ ਸੰਵਿਧਾਨ ਅਤੇ ਡਾਕਟਰ ਅੰਬੇਡਕਰ ਸਾਹਿਬ ਦੀ ਵਿਚਾਰਧਾਰਾ ਦੇ ਖਿਲਾਫ ਭੜਕਾਇਆ ਜਾ ਰਿਹਾ ਹੈ ਕਿ ਸੰਵਿਧਾਨ ਦੀ ਧਾਰਾ 25 ਤਹਿਤ ਸਿੱਖਾਂ ਨੂੰ ਕੋਈ ਅਧਿਕਾਰ ਨਹੀਂ ਦਿੱਤੇ, ਜਿਸ ਕਾਰਨ ਪੰਜਾਬ ਦੇ ਅੰਦਰ ਕਈ ਜਥੇਬੰਦੀਆਂ ਤੇ ਪਾਰਟੀਆਂ ਦੀ ਵਧੀਆ ਦੁਕਾਨਦਾਰੀ ਚੱਲ ਰਹੀ ਹੈ, ਪ੍ਰੰਤੂ ਉਹ ਲੋਕਾਂ ਨੂੰ ਧਾਰਾ 25 ਨੂੰ ਸਹੀ ਤਰੀਕੇ ਨਾਲ ਨਹੀਂ ਦੱਸ ਰਹੇ, ਜਿਸ ਕਾਰਨ ਲੀਡਰਾਂ ਦੇ ਬਹਿਕਾਵੇ ਵਿੱਚ ਆ ਕੇ ਭੋਲੇ ਭਾਲੇ ਗਰੀਬ ਲੋਕ ਇਹੋ ਜਿਹਾ ਗ਼ਲਤ ਕਾਰਾ ਕਰ ਦਿੰਦੇ ਹਨ, ਜਿਸ ਨਾਲ ਸਮਾਜ ਵਿੱਚ ਕੁੜੱਤਣ ਪੈਦਾ ਹੁੰਦੀ ਹੈ।

ਸਮਾਜ ਸੇਵੀ ਡਾ. ਇਕਬਾਲ ਸਿੰਘ ਸਕਰੌਦੀ ਦਾ ਸਨਮਾਨ

ਸੰਗਰੂਰ (ਪ੍ਰਵੀਨ ਸਿੰਘ)-ਜੀ.ਐੱਨ. ਗਰਲਜ਼ ਕਾਲਜ ਪਟਿਆਲਾ ਦੇ ਚੇਅਰਮੈਨ ਡਾ. ਸਤਿਨਾਮ ਸਿੰਘ ਸੰਧੂ ਅਤੇ ਜਗਤ ਪੰਜਾਬੀ ਸਭਾ ਦੇ ਪ੍ਰਧਾਨ ਅਜੈਬ ਸਿੰਘ ਚੱਠਾ ਦੀ ਅਗਵਾਈ ਵਿੱਚ ਪ੍ਰਿੰਸੀਪਲਾਂ ਅਤੇ ਸਿੱਖਿਆ ਨਾਲ ਜੁੜੀਆਂ ਸ਼ਖ਼ਸੀਅਤਾਂ ਦੀ ਇੱਕ ਵਰਕਸ਼ਾਪ ਕਰਵਾਈ ਗਈ।ਜਿਸ ਵਿਚ ਵਿਦਿਆਰਥੀਆਂ ਨੂੰ ਕੈਰੀਅਰ ਸੰਬੰਧੀ ਜਾਣਕਾਰੀ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਜਾ ਕੇ ਨਿਸ਼ਕਾਮ ਭਾਵਨਾ ਨਾਲ ਕੰਮ ਕਰਨ ਵਾਲੇ ਡਾ. ਇਕਬਾਲ ਸਿੰਘ ਸਕਰੌਦੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਡਾ. ਮੰਜੂ ਵਾਲੀਆ ਨੇ ਕਿਹਾ ਕਿ ਨਿਸ਼ਕਾਮ ਭਾਵਨਾ ਨਾਲ਼ ਸਮਾਜ ਸੇਵਾ ਕਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਪ੍ਰਮੁੱਖ ਤੌਰ 'ਤੇ ਸਨਮਾਨਤ ਕਰਨਾ ਹਰ ਵਿੱਦਿਅਕ, ਸਮਾਜਿਕ, ਧਾਰਮਿਕ ਸੰਸਥਾ ਦਾ ਫ਼ਰਜ਼ ਹੁੰਦਾ ਹੈ। ਅਸੀਂ ਅਕਾਦਮਿਕ ਫ਼ਰਜ਼ ਦੀ ਪੂਰਤੀ ਹਿੱਤ ਡਾ. ਇਕਬਾਲ ਸਿੰਘ ਸਕਰੌਦੀ (ਰਿਟਾਇਰਡ ਪ੍ਰਿੰਸੀਪਲ) ਵੱਲੋਂ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਲਗਾਤਾਰ ਦਿੱਤੀਆਂ ਜਾ ਰਹੀਆਂ ਨਿਸ਼ਕਾਮ ਸੇਵਾਵਾਂ ਦੇ ਇਵਜ਼ ਵਿੱਚ ਉਨ੍ਹਾਂ ਨੂੰ ਸਨਮਾਨਿਤ ਕਰ ਕੇ ਮਾਣ ਮਹਿਸੂਸ ਕਰਦੇ ਹਾਂ। ਇਸ ਵਰਕਸ਼ਾਪ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ. ਪਵਨ ਬਾਂਸਲ, ਡਾ. ਹਰੀਸ਼ ਬਾਤਿਸ਼, ਪ੍ਰਿੰ. ਵਿਜੈ ਕਪੂਰ, ਪ੍ਰਿੰ. ਸੀਮਾ ਉੱਪਲ, ਪ੍ਰਿੰ. ਰਵਿੰਦਰ ਸਿੰਘ ਸੋਢੀ, ਗੁਰਮੀਤ ਕੌਰ ਸੋਢੀ, ਪ੍ਰਿੰ. ਬੇਅੰਤ ਕੌਰ, ਡਾ. ਆਸ਼ਾ ਕਿਰਨ ਅਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋਫ਼ੈਸਰ ਜਸਪ੍ਰੀਤ ਕੌਰ ਨੇ ਨਿਭਾਈ।

ਲਾਇਨਜ਼ ਕਲੱਬ ਗੁਰੂ ਹਰਸਹਾਏ ਨੇ ਲਗਾਇਆ ਖ਼ੂਨਦਾਨ ਕੈਂਪ

ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)-26 ਜਨਵਰੀ ਗਣਤੰਤਰ ਦਿਵਸ ਨੂੰ ਮੁੱਖ ਰੱਖਦਿਆਂ ਲਾਇਨਜ਼ ਕਲੱਬ ਗੁਰੂ ਹਰਸਹਾਏ ਵੱਲੋਂ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਸਬੰਧੀ ਕਲੱਬ ਦੇ ਪ੍ਰਧਾਨ ਸਾਜਨ ਸੁਖਦੇਵਾ, ਗੰਰਵ ਸਚਦੇਵਾ, ਦੀਪਕ ਵੋਹਰਾ, ਰੁਪੇਸ਼ ਮੋਗਾ, ਰਜਤ ਸਚਦੇਵਾ, ਰਾਹੁਲ ਬਜਾਜ, ਅਮਿਤ ਸਚਦੇਵਾ, ਮਨੂ ਮੋਂਗਾ, ਸੰਦੀਪ ਧਵਨ, ਰਨਬੀਰ ਧਵਨ, ਰਾਜਨ ਮੋਂਗਾ, ਸ਼ੁਭਮ ਮੋਂਗਾ, ਪ੍ਰਸ਼ਾਂਤ ਖੇੜਾ, ਰੁਪੇਸ਼ ਮੋਂਗਾ ਨੇ ਦੱਸਿਆ ਕਿ ਲਾਇਨਜ਼ ਕਲੱਬ ਵੱਲੋਂ ਸ਼ਹਿਰ ਦੇ ਗਿਸ਼ੀ ਚੌਕ ਵਿਖੇ ਪਹਿਲਾ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਦੀ ਸ਼ੁਰੂਆਤ ਮੁੱਖ ਮਹਿਮਾਨ ਰੋਹਿਤ ਕੁਮਾਰ ਮੈਂਟੂ ਵੋਹਰਾ ਅਕਾਲੀ ਆਗੂ, ਥਾਣਾ ਮੁਖੀ ਜਸਵਿੰਦਰ ਸਿੰਘ ਬਰਾੜ ਵੱਲੋਂ ਕਰਵਾਈ ਗਈ। ਇਸ ਕੈਂਪ ਵਿੱਚ ਪਹੁੰਚੇ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਖ਼ੂਨ ਦਾਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਬਾਲਾ ਜੀ ਚੈਰੀਟੇਬਲ ਬਲੱਡ ਕੈਂਪ ਕੋਟਕਪੂਰਾ ਦੀ ਟੀਮ ਵੱਲੋਂ ਬਲੱਡ ਦੇਣ ਆਏ ਲੋਕਾਂ ਦਾ ਬਲੱਡ ਇਕੱਠਾ ਕੀਤਾ ਗਿਆ। ਉਨ੍ਹਾਂ ਦੱਸਿਆ ਕੈਂਪ ਵਿੱਚ 51 ਯੂਨਿਟ ਖ਼ੂਨ ਦਾਨ ਹੋਇਆ। ਖ਼ੂਨਦਾਨ ਕਰਨ ਆਏ ਲੋਕਾਂ ਨੂੰ ਕਲੱਬ ਵੱਲੋਂ ਰਿਫ਼ਰੈਸ਼ਮੈਂਟ ਦਿੱਤੀ ਗਈ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸਾਜਨ ਸਚਦੇਵਾ ਨੇ ਕਿਹਾ ਕਿ ਉਹਨਾਂ ਦੀ ਕਲੱਬ ਵੱਲੋਂ ਅੱਗੇ ਤੋਂ ਵੀ ਅਜਿਹੇ ਕੈਂਪ ਲਗਾਏ ਜਾਣਗੇ। ਇਸ ਮੌਕੇ ਵਰੁਣ ਗਾਵੜੀ, ਸੁਮਿਤ ਮੋਂਗਾ, ਸਾਹਿਲ ਆਵਲਾ, ਪ੍ਰੇਮ ਸਚਦੇਵਾ ਆਦਿ ਵੱਲੋਂ ਸਹਿਯੋਗ ਦਿੱਤਾ ਗਿਆ।

ਆਲ ਇੰਡੀਆ ਵਾਲਮੀਕ ਖਾਲਸਾ ਦਲ ਨੇ ਮਨਾਇਆ ਬਾਬਾ ਦੀਪ ਸਿੰਘ ਦਾ ਜਨਮ ਦਿਹਾੜਾ

ਮੋਗਾ (ਇਕਬਾਲ ਸਿੰਘ ਖਹਿਰਾ)-ਆਲ ਇੰਡੀਆ ਵਾਲਮੀਕ ਖਾਲਸਾ ਦਲ ਰਜਿ ਮੋਗਾ (ਪੰਜਾਬ) ਵੱਲੋਂ ਦਲ ਦੇ ਮੁੱਖ ਦਫਤਰ ਬਸਤੀ ਲਾਲ ਸਿੰਘ ਨੇੜੇ ਬਹੌਨਾ ਚੌਕ ਵਿਖੇ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ ਤੇ ਮੁੱਖ ਮਹਿਮਾਨ ਮਾਸਟਰ ਸੁਖਮੰਦਰ ਸਿੰਘ ਗੱਜਣਵਾਲੀਆ ਵਿਸ਼ੇਸ਼ ਤੌਰ 'ਤੇ ਪਹੁੰਚੇ। ਜਗਰੂਪ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਐਸ. ਸੀ. ਵਿੰਗ ਮੋਗਾ ਵੱਲੋਂ ਮੁੱਖ ਮਹਿਮਾਨ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਮੁੱਖ ਮਹਿਮਾਨ ਨੇ ਬਾਬਾ ਦੀਪ ਸਿੰਘ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਅਤੇ ਆਈਆਂ ਹੋਈਆਂ ਸੰਗਤਾਂ ਨੂੰ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣ ਲਈ ਕਿਹਾ। ਇਸ ਮੌਕੇ ਦਲ ਦੇ ਮੁੱਖ ਸੇਵਾਦਾਰ ਅਮਰਜੀਤ ਸਿੰਘ ਗਿੱਲ ਨੇ ਬਾਬਾ ਦੀਪ ਸਿੰਘ ਜੀ ਦੇ ਜੀਵਨ ਬਾਰੇ ਚਾਨਣ ਪਾਇਆ ਅਤੇ ਉਨ੍ਹਾਂ ਨੇ ਦਲ ਦੇ ਸਾਰੇ ਵਰਕਰਾਂ ਅਤੇ ਅਹੁਦੇਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੋਹਣ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ, ਗੁਰਮੇਲ ਸਿੰਘ ਖਾਲਸਾ, ਚਰਨ ਸਿੰਘ, ਪੂਰਨ ਸਿੰਘ ਚੰਦਾਂ ਵਾਲੇ, ਗੁਰਮੇਲ ਸਿੰਘ ਪ੍ਰਧਾਨ ਬਹੌਨਾ, ਮਿੱਠੂ ਸਿੰਘ, ਬਲਵੀਰ ਸਿੰਘ ਜੇ ਈ ਆਦਿ ਹਾਜ਼ਰ ਸਨ। ਦਲ ਦੇ ਦਫਤਰ ਸੈਕਟਰੀ ਬੇਅੰਤ ਸਿੰਘ ਨੇ ਸਾਰੇ ਵਰਕਰਾਂ ਅਤੇ ਅਹੁਦੇਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਵਿਜੇ ਧੀਰ ਐਡਵੋਕੇਟ ਨੇ ਪੰਜ ਮਜ਼ਦੂਰ ਯੂਨੀਅਨਾਂ ਦੇ ਹੈੱਡ ਕੁਆਰਟਰਾਂ 'ਤੇ ਝੰਡੇ ਲਹਿਰਾਏ

ਮੋਗਾ (ਇਕਬਾਲ ਸਿੰਘ ਖਹਿਰਾ)

ਦੇਸ਼ ਦੇ 76ਵੇਂ ਗਣਤੰਤਰ ਦਿਵਸ ਮੌਕੇ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਪੰਜ ਯੂਨੀਅਨ ਹੈੱਡ ਕੁਆਰਟਰਾਂ 'ਤੇ ਝੰਡੇ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਵਿਜੇ ਧੀਰ ਐਡਵੋਕੇਟ ਦੇ ਨਾਲ ਪੱਲੇਦਾਰਾਂ ਦੇ ਸੂਬਾ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਐਲ ਪੀ ਜੀ ਗੈਸ ਸਪਲਾਈ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਮ ਬਚਨ ਰਾਓ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਸ਼ਾਮਲ ਸਨ। ਅੱਜ ਜਿਨ੍ਹਾਂ ਮਜ਼ਦੂਰ ਯੂਨੀਅਨ ਹੈਡ ਕੁਆਰਟਰਾਂ 'ਤੇ ਜ਼ਿਲ੍ਹਾ ਪ੍ਰਧਾਨ ਨੇ ਝੰਡੇ ਲਹਿਰਾਏ ਉਨ੍ਹਾਂ ਵਿਚ ਨੈਸਲੇ ਠੇਕੇਦਾਰ ਲੇਬਰ ਯੂਨੀਅਨ, ਈ ਰਿਕਸ਼ਾ ਮਜ਼ਦੂਰ ਸੰਘ ਨਜ਼ਦੀਕ ਸ਼ਹੀਦ ਭਗਤ ਸਿੰਘ ਮਾਰਕੀਟ ਜੀ ਟੀ ਰੋਡ, ਭਾਰਤੀ ਕਿਸਾਨ ਲੱਕੜ ਸਪਲਾਈ ਵਰਕਰਜ਼ ਯੂਨੀਅਨ ਲੱਕੜ ਮੰਡੀ, ਪਾਰਸ ਸਪਾਈਸਜ਼ ਵਰਕਰਜ਼ ਯੂਨੀਅਨ ਖੰਸਾ ਪਾਂਡੋ ਕੇ, ਐਫ ਸੀ ਆਈ ਲੇਬਰ ਵਰਕਰਜ਼ ਯੂਨੀਅਨ। ਇਸ ਮੌਕੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਆਰਥਿਕ ਆਜ਼ਾਦੀ ਤੋਂ ਬਗੈਰ ਰਾਜਨੀਤਕ ਆਜ਼ਾਦੀ ਦਾ ਸਹੀ ਲੁਤਫ਼ ਦੇਸ਼ ਦੇ ਲੋਕ ਨਹੀਂ ਲੈ ਸਕਦੇ। ਉਨ੍ਹਾਂ ਕਿਹਾ ਕਿ 15 ਅਗਸਤ 1947 ਨੂੰ ਰਾਜਨੀਤਕ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਰੋਜ਼ੀ, ਰੋਟੀ, ਕੱਪੜਾ ਅਤੇ ਮਕਾਨ ਦੀ ਆਰਥਿਕ ਆਜ਼ਾਦੀ ਪ੍ਰਾਪਤ ਕਰਨ ਲਈ ਅਸੀਂ ਸੰਘਰਸ਼ ਕਰਦੇ ਆ ਰਹੇ ਹਾਂ ਅਤੇ ਇਹ ਸੰਘਰਸ਼ ਮਜ਼ਦੂਰ ਵਰਗ ਨੂੰ ਲਾਮਬੰਦ ਹੋ ਕੇ ਅਜ਼ਾਦੀ ਦੀ ਲੜਾਈ ਵਾਂਗ ਲੜਨਾ ਪਵੇਗਾ। ਇਸ ਮੌਕੇ ਸਾਬਕਾ ਮੈਂਬਰ ਪਾਰਲੀਮੈਂਟ ਕੇਵਲ ਸਿੰਘ ਨੇ ਕਿਹਾ ਕਿ ਪੱਲੇਦਾਰੀ ਸਮੇਤ ਕਈ ਅਦਾਰਿਆਂ ਵਿੱਚ ਠੇਕੇਦਾਰੀ ਦਾ ਪ੍ਰਚਲਨ ਮਜ਼ਦੂਰਾਂ ਮੁਲਾਜ਼ਮਾਂ ਦਾ ਆਰਥਿਕ ਸ਼ੋਸ਼ਣ ਹੈ। ਇਸ ਮੌਕੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਨੇ ਕਿਹਾ ਕਿ ਗਰੀਬ ਅਤੇ ਮਜ਼ਦੂਰ ਜਮਾਤ ਅੱਜ ਵੀ ਆਰਥਿਕ ਗੁਲਾਮੀ ਦਾ ਸ਼ਿਕਾਰ ਹੈ। ਇਸ ਮੌਕੇ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਰਾਮ ਬਚਨ ਰਾਓ ਅਤੇ ਪ੍ਰਵੀਨ ਕੁਮਾਰ ਸ਼ਰਮਾ ਨੇ ਵੀ ਸੰਬੋਧਨ ਕੀਤਾ। ਝੰਡੇ ਲਹਿਰਾਉਣ ਮੌਕੇ ਹੋਰਨਾਂ ਤੋਂ ਇਲਾਵਾ ਸੰਜੀਵ ਕੌੜਾ ਲੱਡੂ ਆਰੇਵਾਲਾ, ਸ਼ੰਕਰ, ਨਰਿੰਦਰ ਸਿੰਘ ਬਲਖੰਡੀ, ਅਰੁਣ ਬੋਹਤ ਪ੍ਰਧਾਨ ਬਾਲਮੀਕ ਸਭਾ, ਕੁਲਬੀਰ ਸਿੰਘ, ਸੰਜੀਵ ਕੁਮਾਰ ਲੱਡੂ ਆਰੇਵਾਲਾ, ਸੋਨੂੰ ਬਹਿਲ, ਜੱਸਾ ਸਿੰਘ, ਮਦਨ ਲਾਲ ਬੋਹਤ, ਮੋਹਨ ਲਾਲ, ਬਲਵਿੰਦਰ ਸਿੰਘ, ਬੂਟਾ ਸਿੰਘ ਭੁਲੱਰ ਬਲੌਰ ਸਿੰਘ, ਦਵਿੰਦਰ ਸਿੰਘ, ਅਮਰੀਕ ਸਿੰਘ ਜੌੜਾ, ਕਾਕੂ ਪਲੰਬਰ, ਉਮਰਸੀਰ ਸਿੰਘ ਸੀਰਾ, ਸੰਦੀਪ ਕੁਮਾਰ, ਸੋਨੂੰ ਈ ਨੈਸਲੇ, ਹਨੀ ਪ੍ਰਕਾਸ਼ ਬੈਂਡ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਸੀਨੀਅਰ ਸਿਟੀਜ਼ਨ ਕੌਂਸਲ ਦੀ ਜਨਰਲ ਬਾਡੀ ਦੀ ਮੀਟਿੰਗ

ਮੋਗਾ (ਇਕਬਾਲ ਸਿੰਘ ਖਹਿਰਾ)-ਸੀਨੀਅਰ ਸਿਟੀਜ਼ਨ ਕੌਂਸਲ ਮੋਗਾ ਦੇ ਮੈਂਬਰਾਂ ਦੀ ਜਨਰਲ ਬਾਡੀ ਦੀ ਮੀਟਿੰਗ ਸਰਦਾਰੀ ਲਾਲ ਕਾਮਰਾ ਦੀ ਪ੍ਰਧਾਨਗੀ ਹੇਠ ਸਕੱਤਰੇਤ ਵਿਖੇ ਸੀਨੀਅਰ ਸਿਟੀਜ਼ਨ ਡੇ ਕੇਅਰ ਸੈਂਟਰ ਵਿਖੇ ਹੋਈ। ਜਿਸ ਵਿਚ ਗਣਤੰਤਰ ਦਿਵਸ ਤੇ ਰਾਸ਼ਟਰੀ ਵੋਟਰ ਦਿਵਸ ਦੀ ਵਧਾਈ ਦਿੱਤੀ ਅਤੇ ਬਜ਼ੁਰਗਾਂ ਨਾਲ ਸਬੰਧਤ ਮਸਲਿਆਂ 'ਤੇ ਵਿਚਾਰਾ ਕੀਤੀਆਂ ਗਈਆਂ। ਮੀਟਿੰਗ ਦੀ ਕਾਰਵਾਈ ਅਵਤਾਰ ਸਿੰਘ ਨੇ ਅਰੰਭ ਕਰਦਿਆਂ ਸਾਲ 2024 ਦੌਰਾਨ ਕੀਤੇ ਕੰਮਾਂ ਦੀ ਜਾਣਕਾਰੀ ਪੇਸ਼ ਕੀਤੀ। ਉਨ੍ਹਾਂ ਕਿਹਾ ਕਿ ਜੋਗਿੰਦਰ ਸਿੰਘ ਸੰਘਾ ਨੇ

29-Jan-PAGE-3.qxd 1/28/2025 11:11 PM Page 1

ਸਾਈਲੋ ਪਲਾਂਟ ਛੀਨਾ ਅੱਗੇ ਟਰੈਕਟਰ ਖੜ੍ਹੇ ਕਰਕੇ ਮੋਦੀ ਸਰਕਾਰ ਵਿਰੁੱਧ ਰੋਸ ਪ੍ਰਗਟ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਗਣਤੰਤਰ ਦਿਵਸ ਮੌਕੇ 26 ਜਨਵਰੀ ਨੂੰ ਦੋਹਾਂ ਫੋਰਮਾਂ ਦੇ ਉਲੀਕੇ ਪ੍ਰੋਗਰਾਮ ਅਨੁਸਾਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜੋਨ ਬੁਰਜ ਸਾਹਿਬ ਧਾਰੀਵਾਲ ਦੇ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾਂ ਅਤੇ ਸਕੱਤਰ ਸਤਨਾਮ ਸਿੰਘ ਖਾਨਮਲੱਕ, ਖਜਾਨਚੀ ਅਮਰੀਕ ਸਿੰਘ ਸਰਸਪੁਰ ਅਤੇ ਕੋਰ ਕਮੇਟੀ ਦੀ ਅਗਵਾਈ ਵਿੱਚ ਇਲਾਕੇ ਦੇ ਕਿਸਾਨ ਖੁੰਡਾ ਬਾਈਪਾਸ ਧਾਰੀਵਾਲ ਤੋਂ ਟਰੈਕਟਰਾਂ ਦਾ ਵੱਡਾ ਕਾਫਲਾ ਲੈ ਕੇ ਰੋਸ ਮਾਰਚ ਕਰਦੇ ਹੋਏ ਸਾਈਲੋ ਪਲਾਂਟ/ਗੋਦਾਮ ਛੀਨਾ ਰੇਲਵਾਲਾ ਪਹੁੰਚੇ। ਸਾਈਲੋ ਪਲਾਂਟ/ਗੋਦਾਮ ਛੀਨਾ ਰੇਲਵਾਲਾ ਦੀ ਮੁਖ ਸੜਕ ਉਪਰ ਟਰੈਕਟਰ ਖੜੇ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਟਰੈਕਟਰ ਮਾਰਚ ਵਿੱਚ ਰਵੇਲ ਸਿੰਘ, ਅਮਨਦੀਪ ਸਿੰਘ ਫੌਜੀ ਸਰਸਪੁਰ, ਅਜੀਤ ਸਿੰਘ, ਕਰਮਜੀਤ ਸਿੰਘ, ਮਨਜੀਤ ਸਿੰਘ, ਜੋਗਿੰਦਰ ਸਿੰਘ, ਹਰਵਿੰਦਰ ਸਿੰਘ, ਹਰਭਾਲ ਸਿੰਘ, ਨਵਜੋਤ ਸਿੰਘ, ਪ੍ਰਗਟ ਸਿੰਘ, ਸਰੂਪ ਸਿੰਘ, ਕੁਲਬੀਰ ਸਿੰਘ, ਗੁਰਪ੍ਰੀਤ ਸਿੰਘ, ਦਿਲਬਾਗ ਸਿੰਘ, ਗੁਰਮੀਤ ਸਿੰਘ, ਹੇਮ ਸਿੰਘ, ਦਵਿੰਦਰ ਸਿੰਘ, ਵਿਜੇ ਕੁਮਾਰ, ਸ਼ਾਮ ਸਿੰਘ ਸਮੇਤ ਇਲਾਕੇ ਦੇ ਕਿਸਾਨ ਵੱਡੀ ਗਿਣਤੀ ਸ਼ਾਮਲ ਸਨ।

ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦੀ ਈ ਟੀ ਓ ਵੱਲੋਂ ਸਖ਼ਤ ਨਿਖੇਧੀ

ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)-ਕੈਬਿਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ 76ਵੇਂ ਗਣਤੰਤਰ ਦਿਵਸ ਮੌਕੇ ਅੰਮ੍ਰਿਤਸਰ ਵਿੱਚ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦੀ ਘਟਨਾ ਦੀ ਨਿੰਦਾ ਕਰਦੇ ਕਿਹਾ ਕਿ ਸਰਕਾਰ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਬਰਦਾਸ਼ਤ ਨਹੀਂ ਕਰੇਗੀ।ਉਹ ਕੱਲ ਦੇਰ ਸ਼ਾਮ ਮੌਕੇ ਉੱਤੇ ਪੁੱਜੇ ਅਤੇ ਪੁਲਸ ਅਧਿਕਾਰੀਆਂ ਨੂੰ ਨਾਲ ਲੈ ਕੇ ਘਟਨਾ ਸਥਾਨ ਦਾ ਜਾਇਜ਼ਾ ਲਿਆ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਪੰਜਾਬ ਪੁਲਸ ਦੋਸ਼ੀਆਂ ਨੂੰ ਕਾਨੂੰਨ ਦੇ ਘੇਰੇ ਵਿੱਚ ਲਿਆ ਕੇ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਉਨ੍ਹਾਂ ਨੂੰ ਆਪਣੇ ਇਸ ਘਿਨਾਉਣੇ ਕਾਰੇ ਲਈ ਸਖ਼ਤ ਤੋਂ ਸਖ਼ਤ ਸਜ਼ਾ ਮਿਲੇ।ਜਾਰੀ ਪ੍ਰੈੱਸ ਬਿਆਨ ਵਿੱਚ ਈਟੀਓ ਨੇ ਕਿਹਾ ਕਿ ਇਸ ਘਿਨਾਉਣੇ ਅਪਰਾਧ ਪਿੱਛੇ ਅਸਲ ਸਾਜ਼ਿਸ਼ਕਾਰਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਅਸੀਂ ਇਸ ਸੰਵੇਦਨਸ਼ੀਲ ਘਟਨਾ ਦੇ ਸਾਰੇ ਸਾਜ਼ਿਸ਼ ਰਚਣ ਵਾਲਿਆਂ ਨੂੰ ਕਟਹਿਰੇ ਵਿੱਚ ਖੜਾ ਕਰਕੇ ਹੀ ਦਮ ਲਵਾਂਗੇ।ਉਨ੍ਹਾਂ ਪੰਜਾਬ ਵਾਸੀਆਂ ਨੂੰ ਡਾ: ਅੰਬੇਡਕਰ ਦੀ ਵਿਰਾਸਤ ਨੂੰ ਸੰਭਾਲਦੇ ਹੋਏ ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਸਾਨੂੰ ਬਾਬਾ ਸਾਹਿਬ ਦੀ ਵਿਰਾਸਤ ਦਾ ਸਤਿਕਾਰ ਕਰਦਿਆਂ ਅਜਿਹੀਆਂ ਵੰਡੀਆਂ ਪਾਉਣ ਵਾਲੀਆਂ ਨਫ਼ਰਤ ਭਰੀਆਂ ਹਰਕਤਾਂ ਵਿਰੁੱਧ ਇੱਕਜੁੱਟ ਹੋ ਕੇ ਇਨ੍ਹਾਂ ਦਾ ਸਾਹਮਣਾ ਕਰਨਾ ਚਾਹੀਦਾ ਹੈ।

ਬਾਬਾ ਸਾਹਿਬ ਦੇ ਬੁੱਤ ਨੂੰ ਤੁੜਵਾਉਣ ਵਾਲਿਆਂ ਨੂੰ ਵੀ ਨਸ਼ਰ ਕਰਨ ਦੀ ਮੰਗ

ਵੇਰਕਾ (ਰਾਣਾ)

ਐੱਸ ਸੀ/ਬੀ ਸੀ ਅਧਿਆਪਕ ਯੂਨੀਅਨ ਪੰਜਾਬ ਦੀ ਜ਼ਿਲਾ ਇਕਾਈ ਅੰਮ੍ਰਿਤਸਰ, ਬਾਮਸੇਫ ਯੂਨਿਟ ਅੰਮ੍ਰਿਤਸਰ ਅਤੇ ਬਹੁਜਨ ਸਮਾਜ ਪਾਰਟੀ ਅੰਮ੍ਰਿਤਸਰ ਦੀ ਹੰਗਾਮੇਦਾਰ ਮੀਟਿੰਗ ਹੋਈ ਜਿਸ ਵਿੱਚ ਪੰਜਾਬ ਸਰਕਾਰ ਅਤੇ ਜ਼ਿਲਾ ਪ੍ਰਸ਼ਾਸਨ ਅੰਮ੍ਰਿਤਸਰ ਪਾਸੋਂ ਮੰਗ ਕੀਤੀ ਗਈ ਕਿ ਡਾ. ਬੀ. ਆਰ. ਅੰਬੇਡਕਰ ਸਾਹਿਬ ਦੇ ਬੁੱਤ ਦਾ ਨਿਰਾਦਰ ਕਰਨ ਵਾਲਾ ਵਿਅਕਤੀ ਇੱਕਲਾ ਨਹੀਂ ਹੋ ਸਕਦਾ ਹੈ।ਇਸ ਦੇ ਪਿੱਛੇ ਸੰਵਿਧਾਨ ਦੋਖੀ ਸ਼ਕਤੀਆਂ ਦਾ ਹੱਥ ਹੈ।ਅੱਜਕੱਲ੍ਹ ਜਣਾਖਣਾ ਹੀ ਉਠ ਕੇ ਸੰਵਿਧਾਨ ਬਦਲਣ ਦੀ ਮੰਗ ਕਰ ਰਿਹਾ ਹੈ ਜਦੋਂਕਿ ਸਾਰੀਆ ਸੁੱਖ ਸਹੂਲਤਾਂ ਸੰਵਿਧਾਨ ਦੀ ਬਦੌਲਤ ਹੀ ਅਸੀਂ ਮਾਣ ਰਹੇ ਹਨ।ਮੀਟਿੰਗ ਵਿੱਚ ਇਕੱਤਰ ਆਗੂਆਂ ਨੇ ਮੰਗ ਕੀਤੀ ਕਿ ਉਪਰੋਕਤ ਮਸਲੇ ਦੀ ਡੂੰਘਾਈ ਨਾਲ ਜਾਂਚ ਪੜਤਾਲ ਕਰਕੇ ਇਹ ਸ਼ਰਾਰਤ ਸਮਾਜ ਵਿੱਚ ਫੁੱਟ ਪਾਉਣ ਵਾਲੀਆ ਤਾਕਤਾਂ ਨੂੰ ਨੰਗਾ ਕੀਤਾ ਜਾਵੇ ਅਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਨਿਕਟ ਭਵਿੱਖ ਵਿੱਚ ਕੋਈ ਵੀ ਹਿਰਦੇਵੇਧਕ ਘਟਨਾ ਨਾ ਵਾਪਰ ਸਕੇ।ਇਸ ਦੌਰਾਨ ਮੀਟਿੰਗ 'ਚ ਅਵਤਾਰ ਸਿੰਘ ਮੱਟੂ ਜ਼ਿਲਾ ਪ੍ਰਧਾਨ ਐੱਸ/ਬੀਸੀ ਅਧਿਆਪਕ ਯੂਨੀਅਨ ਅੰਮ੍ਰਿਤਸਰ, ਚੈਂਚਲ ਸਿੰਘ, ਰਾਜਬੀਰ ਸਿੰਘ, ਕਸ਼ਮੀਰ ਸਿੰਘ ਖੁੰਡਾ, ਸੁਖਰਾਜ ਸਿੰਘ ਮਾਹਲ, ਅਸ਼ਵਨੀ ਕੁਮਾਰ ਐੱਚ.ਟੀ., ਗੁਰਚਰਨ ਸਿੰਘ, ਗੁਲਸ਼ਨ ਕੁਮਾਰ, ਸੁਮੇਸ਼ ਗਿੱਲ ਅਤੇ ਹੋਰ ਬਹੁਤ ਸਾਰੇ ਜਥੇਬੰਦਕ ਆਗੂ ਵੀ ਹਾਜ਼ਰ ਸਨ।

ਸ਼ਾਨਦਾਰ ਸੇਵਾਵਾਂ ਬਦਲੇ ਮੰਡਲ ਲੇਖਾਕਾਰ ਸਿਮਰਨਜੀਤ ਸਿੰਘ ਸਨਮਾਨਿਤ

ਤਰਨ ਤਾਰਨ (ਪ੍ਰਿਤਪਾਲ ਸਿੰਘ)—ਪੀ ਐੱਸ ਪੀ ਸੀ ਐੱਲ ਦੀ ਸਥਾਨਕ ਦਿਹਾਤੀ ਡਵੀਜ਼ਨ ਵਿਖੇ ਤਾਇਨਾਤ ਮੰਡਲ ਲੇਖਾਕਾਰ ਸਿਮਰਨਜੀਤ ਸਿੰਘ ਨੂੰ ਬੀਤੇ ਕੱਲ੍ਹ ਗਣਤੰਤਰ ਦਿਵਸ ਮੌਕੇ ਮਹਿਕਮੇ ਵਿੱਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਬਦਲੇ ਪੀਐੱਸਪੀਸੀਐੱਲ ਦੇ ਮੁੱਖ ਦਫ਼ਤਰ ਪਟਿਆਲਾ ਵਿਖੇ ਹੋਏ ਸੂਬਾ ਪੱਧਰ ਦੇ ਸਮਾਗਮ ਵਿੱਚ ਪਾਵਰ ਮੈਨੇਜਮੈਂਟ ਨੇ ਸੀਐੱਮਡੀ ਇੰਜੀ: ਬਲਦੇਵ ਸਿੰਘ ਸਰਾਂ ਦੀ ਅਗਵਾਈ ਹੇਠ ਡਾਇਰੈਕਟਰ ਪ੍ਰਬੰਧਕੀ ਜਸਬੀਰ ਸਿੰਘ ਢਿੱਲੋਂ, ਡਾਇਰੈਕਟਰ ਡਿਸਟ੍ਰੀਬਿਊਸ਼ਨ ਇੰਜੀ: ਡੀ. ਪੀ. ਐੱਸ ਗਰੇਵਾਲ, ਡਾਇਰੈਕਟਰ ਕਮਰਸ਼ੀਅਲ ਇੰਜੀ: ਰਵਿੰਦਰ ਸਿੰਘ ਸੈਣੀ, ਡਾਇਰੈਕਟਰ ਜਨਰੇਸ਼ਨ ਇੰਜੀ : ਹਰਜੀਤ ਸਿੰਘ ਨੂੰ ਟਰਾਫੀ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ । ਇਸ ਸਮਾਗਮ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸੀਐੱਮਡੀ ਇੰਜੀ: ਬਲਦੇਵ ਸਿੰਘ ਸਰਾਂ ਨੇ ਰਿਸ਼ਵਤਖੋਰੀ ਵਰਗੇ ਕੋਹੜ ਨੂੰ ਛੱਡ ਕੇ ਮਹਿਕਮੇ ਦੇ ਕੰਮ ਨੂੰ ਇਮਾਨਦਾਰੀ ਨਾਲ ਕਰਦੇ ਹੋਏ ਖਪਤਕਾਰਾਂ ਨੂੰ ਵਧੀਆ ਸੇਵਾਵਾਂ ਦੇਣ ਦਾ ਸੁਨੇਹਾ ਦਿੱਤਾ।

ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਸ਼ਰਧਾ ਦਾ ਪ੍ਰਗਟਾਵਾ

ਝਬਾਲ (ਹਰਜਿੰਦਰ ਸਿੰਘ ਸੋਨੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਵੱਲੋਂ ਰਸਭਿੰਨਾ ਹਰਿਜਸ ਕੀਰਤਨ ਕੀਤਾ ਗਿਆ। ਦਸਵੀਂ ਜਮਾਤ ਦੇ ਵਿਦਿਆਰਥੀ ਹਰਨੇਕ ਸਿੰਘ ਵੱਲੋਂ ਬਾਬਾ ਦੀਪ ਸਿੰਘ ਜੀ ਦੇ ਜੀਵਨ ਅਤੇ ਸ਼ਖਸੀਅਤ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ। ਨੌਵੀਂ ਜਮਾਤ ਦੀ ਵਿਦਿਆਰਥਣ ਗੁਰਅਸੀਸ ਕੌਰ ਅਤੇ ਛੇਵੀਂ ਜਮਾਤ ਦੀ ਏਕਮਜੀਤ ਕੌਰ ਵੱਲੋਂ ਬਾਬਾ ਦੀਪ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਕਵਿਤਾਵਾਂ ਰਾਹੀਂ ਬਾਬਾ ਜੀ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਗਿਆ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਨੇ ਵਿਦਿਆਰਥੀਆਂ ਨੂੰ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ ਅਤੇ ਸਕੂਲ ਦੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਬਾਬਾ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਬਾਣੀ ਪੜ੍ਹਨ ਅਤੇ ਗੁਰਸਿੱਖੀ ਜੀਵਨ ਜਿਉਣ ਦੇ ਲਈ ਪ੍ਰੇਰਿਤ ਕੀਤਾ।

ਰੁਕੀਆਂ ਤਨਖਾਹਾਂ ਦੇਣ ਤੇ ਕੱਚੇ ਮੁਲਾਜ਼ਮ ਰੈਗੂਲਰ ਕਰਨ ਦੀ ਮੰਗ

ਬਟਾਲਾ (ਤਰਲੋਕ ਬੱਗਾ)-ਅੱਜ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਬਟਾਲਾ ਦੇ ਆਗੂਆਂ ਰਮੇਸ਼ ਤਾਲੋਤਰਾ, ਭੈਣ ਨੀਲਮ, ਕੁਲਦੀਪ ਹੰਸਪਾਲ, ਨਿਸ਼ਾਨ ਸਿੰਘ ਜੌੜਾਸਿੰਘਾ, ਬਲਜੀਤ ਸਿੰਘ ਦਾਬਾਂਵਾਲ ਦੀ ਅਗਵਾਈ ਵਿੱਚ ਜੱਥੇਬੰਦੀ ਦਾ ਨਵੇਂ ਸਾਲ ਦਾ ਕੈਲੰਡਰ ਲੋਕ ਅਰਪਣ ਕਰਦਿਆਂ ਪੰਜਾਬ ਸਰਕਾਰ ਤੋਂ ਮਿਡ ਡੇਅ ਮੀਲ ਵਰਕਰਾਂ ਦੀਆਂ ਰੁਕੀਆਂ ਤਨਖਾਹਾਂ ਤਰੁੰਤ ਪਾਉਣ, ਕੱਚੇ ਮੁਲਾਜ਼ਮ ਰੈਗੂਲਰ ਕਰਨ, ਪੁਰਾਣੀ ਪੈਨਸ਼ਨ ਬਹਾਲ ਕਰਨ, ਜਨਤਕ ਅਦਾਰਿਆਂ ਦੀ ਅਕਾਰ ਘਟਾਈ ਕਰਨੀ ਬੰਦ ਕਰਨ ਅਤੇ ਠੇਕੇਦਾਰੀ ਪ੍ਰਥਾ ਖਤਮ ਕਰਕੇ ਸਾਰੇ ਵਿਭਾਗਾਂ ਵਿੱਚ ਖਾਲੀ ਪੋਸਟਾਂ ਰੈਗੂਲਰ ਭਰਤੀ ਕਰਕੇ ਭਰਨ ਦੀ ਮੰਗ ਕੀਤੀ।ਇਸ ਮੌਕੇ ਸੂਬਾਈ ਆਗੂ ਗੁਰਪ੍ਰੀਤ ਸਿੰਘ ਰੰਗੀਲਪੁਰ ਅਤੇ ਜ਼ਿਲ੍ਹਾ ਆਗੂ ਸੁਖਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਆਗੂਆਂ ਇਸ ਮੌਕੇ ਪੰਜਾਬ ਸਰਕਾਰ ਤੋਂ ਮਰਨ ਵਰਤ 'ਤੇ ਬੈਠੇ ਕੰਪਿਊਟਰ ਅਧਿਆਪਕਾਂ ਨੂੰ ਪੂਰੇ ਲਾਭਾਂ ਸਮੇਤ ਸਿੱਖਿਆ ਵਿਭਾਗ ਵਿੱਚ ਸ਼ਾਮਲ ਕਰਨ ਦੀ ਵੀ ਮੰਗ ਕੀਤੀ।ਇਸ ਮੌਕੇ ਜਤਿੰਦਰਪਾਲ ਸਿੰਘ, ਪਰਮਜੀਤ ਸਿੰਘ, ਜਤਿੰਦਰ ਸਿੰਘ, ਰਛਪਾਲ ਕੁਮਾਰ, ਉਰਮਿਲਾ ਦੇਵੀ, ਮਨਜੀਤ ਕੌਰ, ਰਾਜ ਰਾਣੀ, ਹਰਭਜਨ ਕੌਰ, ਬਚਨੀ, ਪੂਰਨੀ, ਬੇਵੀ ਆਦਿ ਹਾਜ਼ਰ ਸਨ।

5 ਨਸ਼ਾ ਤਸਕਰ ਹੈਰੋਇਨ ਸਮੇਤ ਗ੍ਰਿਫ਼ਤਾਰ

ਜਲੰਧਰ (ਸ਼ੈਲੀ ਐਲਬਰਟ)

ਦਿਹਾਤੀ ਪੁਲਸ ਨੇ ਆਦਮਪੁਰ ਦੀ ਦਾਣਾ ਮੰਡੀ ਨੇੜੇ 5 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ 140 ਗ੍ਰਾਮ ਹੈਰੋਇਨ ਦੇ ਨਾਲ ਇੱਕ ਹੁੰਡਈ ਕਰੇਟਾ ਕਾਰ ਵੀ ਬਰਾਮਦ ਕੀਤੀ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਰਾਜਸਥਾਨ ਦੇ ਰਹਿਣ ਵਾਲੇ ਰਵੀ, ਹੁਸ਼ਿਆਰਪੁਰ ਦੇ ਰਹਿਣ ਵਾਲੇ ਨਿਤਨ ਸ਼ਰਮਾ, ਤਿੰਨ ਹੋਰ ਮੁਕੁਲ ਤੇ ਅਜੈ ਕੁਮਾਰ (ਦੋਵੇਂ ਵਾਸੀ ਅੰਮ੍ਰਿਤਸਰ) ਅਤੇ ਉਨ੍ਹਾਂ ਦੇ ਇੱਕ ਸਾਥੀ ਵਜੋਂ ਹੋਈ ਹੈ । ਸੀਨੀਅਰ ਪੁਲਸ ਕਪਤਾਨ ਹਰਕਮਲਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਇਹ ਕਾਰਵਾਈ ਐਸਪੀ ਇਨਵੈਸਟੀਗੇਸ਼ਨ ਜਸਰੂਪ ਕੌਰ ਬਾਠ, ਆਈਪੀਐਸ ਅਤੇ ਡੀਐਸਪੀ ਕੁਲਵੰਤ ਸਿੰਘ, ਪੀਪੀਐਸ ਦੀ ਨਿਗਰਾਨੀ ਹੇਠ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇੰਸਪੈਕਟਰ ਰਵਿੰਦਰਪਾਲ ਸਿੰਘ ਨੇ ਐਸਆਈ ਗੁਰਮੀਤ ਰਾਮ ਅਤੇ ਉਨ੍ਹਾਂ ਦੀ ਟੀਮ ਨਾਲ ਮਿਲ ਕੇ ਇਹ ਸਫਲਤਾ ਹਾਸਲ ਕੀਤੀ । ਉਨ੍ਹਾਂ ਕਿਹਾ ਕਿ 26 ਜਨਵਰੀ ਨੂੰ ਪੁਲਸ ਪਾਰਟੀ ਨੇ ਦਾਣਾ ਮੰਡੀ ਆਦਮਪੁਰ ਵਿਖੇ ਰੇਲਵੇ ਫਾਟਕ ਦੇ ਨੇੜੇ ਸ਼ੱਕੀ ਗਤੀਵਿਧੀ ਦੇਖੀ, ਜਿੱਥੇ ਪੰਜ ਵਿਅਕਤੀ ਇੱਕ ਪਾਰਕ ਕੀਤੀ ਹੁੰਡਈ ਕਰੇਟਾ ਵਿੱਚ ਬੈਠੇ ਸਨ। ਜਾਂਚ ਕਰਨ 'ਤੇ ਪੁਲਸ ਟੀਮ ਨੂੰ ਗੱਡੀ ਦੇ ਗੇਅਰ ਕੰਸੋਲ ਵਿੱਚ ਛੁਪਿਆ ਇੱਕ ਮੋਮ ਨਾਲ ਸੀਲਬੰਦ ਪੈਕੇਜ ਮਿਲਿਆ, ਜਿਸ ਵਿੱਚ 140 ਗ੍ਰਾਮ ਹੈਰੋਇਨ ਸੀ। ਐਨਡੀਪੀਐਸ ਐਕਟ ਦੀ ਧਾਰਾ 21(ਬੀ), 61-85 ਦੇ ਤਹਿਤ ਐਫਆਈਆਰ ਨੰਬਰ 13 ਮਿਤੀ 26.01.2025 ਦੇ ਤਹਿਤ ਥਾਣਾ ਆਦਮਪੁਰ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ।

ਪਨਿਆੜ ਨਜ਼ਦੀਕ ਰੇਲਵੇ ਫਾਟਕ ਬੰਦ ਰਹਿਣ ਨਾਲ ਲੋਕ ਹੁੰਦੇ ਨੇ ਡਾਢੇ ਪ੍ਰੇਸ਼ਾਨ

ਗੁਰਦਾਸਪੁਰ, (ਜਨਕ ਮਹਾਜਨ)

ਗੁਰਦਾਸਪੁਰ ਜੇਲ੍ਹ ਰੋਡ ਤੋਂ ਦੀਨਾਨਗਰ ਨੂੰ ਜਾਣ ਵਾਲੀ ਲਿੰਕ ਸੜਕ ਵਿਚਕਾਰ ਪੈਂਦੇ ਪਿੰਡ ਪਨਿਆੜ ਨੇੜੇ ਰੇਲਵੇ ਫਾਟਕ ਦੇ ਅਕਸਰ ਬੰਦ ਰਹਿਣ ਕਾਰਨ 40-45 ਦੇ ਕਰੀਬ ਪਿੰਡਾਂ ਦੇ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀ ਮੱਖਣ ਸਿੰਘ, ਤਰਸੇਮ ਕੁਮਾਰ ਆਦਿ ਨੇ ਦੱਸਿਆ ਕਿ ਇਸ ਲਿੰਕ ਸੜਕ ਨਾਲ ਕਾਫ਼ੀ ਪਿੰਡ ਜੁੜੇ ਹੋਏ ਹਨ ਅਤੇ ਇਨ੍ਹਾਂ ਪਿੰਡਾਂ ਦੇ ਲੋਕ ਵਾਇਆ ਪਨਿਆੜ ਰਾਹੀਂ ਦੀਨਾਨਗਰ ਨੂੰ ਆਉਂਦੇ ਜਾਂਦੇ ਹਨ ਕਿਉਂਕਿ ਇਸ ਨਾਲ ਦੀਨਾਨਗਰ ਜਿੱਥੇ ਨੇੜੇ ਪੈਂਦਾ ਹੈ ਉਥੇ ਹੀ ਸਮਾਂ ਤੇ ਪੈਸੇ ਦੀ ਵੀ ਕਾਫ਼ੀ ਬੱਚਤ ਹੁੰਦੀ ਹੈ। ਲੋਕਾਂ ਦਾ ਕਹਿਣਾ ਹੈ ਕਿ ਇਸ ਸੜਕ 'ਤੇ ਪਨਿਆੜ ਨਜ਼ਦੀਕ ਕਾਫ਼ੀ ਪੁਰਾਣਾ ਰੇਲਵੇ ਫਾਟਕ ਅਕਸਰ ਹੀ ਬੰਦ ਰਹਿੰਦਾ ਹੈ ਅਤੇ ਲੰਬਾ ਸਮਾਂ ਫਾਟਕ ਬੰਦ ਰਹਿਣ ਨਾਲ ਲੋਕ ਉਥੇ ਖੜ੍ਹੇ ਰਹਿੰਦੇ ਹਨ। ਫਾਟਕ ਬੰਦ ਰਹਿਣ ਨਾਲ ਮੁਲਾਜ਼ਮ, ਵਿਦਿਆਰਥੀ, ਵਪਾਰੀਆਂ ਤੋਂ ਇਲਾਵਾ ਐਂਬੂਲੈਂਸ ਗੱਡੀਆਂ ਵੀ ਫਾਟਕ ਖੁੱਲ੍ਹਣ ਦਾ ਇੰਤਜ਼ਾਰ ਕਰਦੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ ਇਹ ਮਾਮਲਾ ਕਈ ਵਾਰ ਉਚ ਅਧਿਕਾਰੀਆਂ ਦੇ ਧਿਆਨ ਵਿਚ ਲਿਆਉਣ ਦੇ ਬਾਵਜੂਦ ਵੀ ਕੋਈ ਹੱਲ ਨਹੀਂ ਹੋ ਰਿਹਾ। ਇਲਾਕਾ ਵਾਸੀਆਂ ਨੇ ਭਾਰਤ ਦੇ ਰੇਲਵੇ ਮੰਤਰੀ ਅਤੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਪਨਿਆੜ ਨਜ਼ਦੀਕ ਪੈਂਦੇ ਰੇਲਵੇ ਫਾਟਕ 'ਤੇ ਓਵਰਬ੍ਰਿਜ ਬਣਾਇਆ ਜਾਵੇ ਤਾਂ ਜੋ ਲੋਕਾਂ ਦੀ ਨਿੱਤ ਰੋਜ਼ ਦੀ ਮੁਸ਼ਕਿਲ ਦਾ ਹੱਲ ਹੋ ਸਕੇ।

ਕਮਾਦ ਦੇ ਖੇਤ 'ਚੋਂ 532 ਗਰਾਮ ਹੈਰੋਇਨ ਮਿਲੀ, ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)- ਥਾਣਾ ਕਲਾਨੌਰ ਦੇ ਏ. ਐੱਸ. ਆਈ. ਗੁਰਨਾਮ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਅਨਿਲ

29-jan-PAGE-4.qxd 1/28/2025 10:56 PM Page 1

ਨਵਾਂ ਜ਼ਮਾਨਾ
ਬੁੱਧਵਾਰ, 29 ਜਨਵਰੀ 2025

ਮੋਦੀ ਨੂੰ ਮਨਰੇਗਾ ਤੋਂ ਚਿੜ

ਕਾਂਗਰਸ ਰਾਜ ਸਮੇਂ ਸ਼ੁਰੂ ਕੀਤੀਆਂ ਗਈਆਂ ਲੋਕ ਭਲਾਈ ਦੀਆਂ ਯੋਜਨਾਵਾਂ ਨੂੰ ਮੋਦੀ ਸਰਕਾਰ ਆਉਣ ਤੋਂ ਬਾਅਦ ਇੱਕ-ਇੱਕ ਕਰਕੇ ਖਤਮ ਕਰ ਦਿੱਤਾ ਗਿਆ ਸੀ ਜਾਂ ਥੋੜ੍ਹੇ-ਬਹੁਤੇ ਹੇਰ-ਫੇਰ ਨਾਲ ਨਵੇਂ ਨਾਵਾਂ ਹੇਠ ਸ਼ੁਰੂ ਕਰ ਦਿੱਤਾ ਗਿਆ ਸੀ। ਮਨਮੋਹਨ ਸਿੰਘ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇੱਕੋ-ਇੱਕ ਮਨਰੇਗਾ ਯੋਜਨਾ ਹੈ, ਜਿਸ ਨੂੰ ਖ਼ਤਮ ਕਰਨ ਦੀ ਮੋਦੀ ਸਰਕਾਰ ਦੀ ਹਿੰਮਤ ਨਹੀਂ ਪਈ। ਮਨਰੇਗਾ ਯੋਜਨਾ ਰਾਹੀਂ ਪੇਂਡੂ ਪਰਵਾਰਾਂ ਨੂੰ ਬਹੁਤ ਥੋੜ੍ਹੀ ਉਜਰਤ ਉੱਤੇ 100 ਦਿਨ ਦੇ ਰੋਜ਼ਗਾਰ ਦੀ ਗਰੰਟੀ ਦਿੱਤੀ ਜਾਂਦੀ ਹੈ। ਅਰਥਸ਼ਾਸਤਰ ਵਿੱਚ ਨੋਬਲ ਪੁਰਸਕਾਰ ਪ੍ਰਾਪਤ ਜੋਸੈਫ ਸਿਟਮਿਲਟਜ਼ ਨੇ ਇਸ ਯੋਜਨਾ ਬਾਰੇ ਕਿਹਾ ਸੀ ਕਿ ਮਨਰੇਗਾ ਭਾਰਤ ਦਾ ਇੱਕ ਅਜਿਹਾ ਪ੍ਰਗਤੀਸ਼ੀਲ ਪ੍ਰੋਗਰਾਮ ਹੈ, ਜਿਸ ਤੋਂ ਸਾਰੀ ਦੁਨੀਆ ਨੂੰ ਸਬਕ ਲੈਣਾ ਚਾਹੀਦਾ ਹੈ। ਜਦੋਂ 2008 ਵਿੱਚ ਵਿਸ਼ਵ ਪੱਧਰੀ ਆਰਥਿਕ ਸੰਕਟ ਆਇਆ ਸੀ ਤਾਂ ਭਾਰਤ ਨੂੰ ਇਸ ਮੰਦੀ ਵਿੱਚੋਂ ਨਿਕਲਣ ਵਿੱਚ ਮਨਰੇਗਾ ਨੇ ਹੀ ਮਦਦ ਕੀਤੀ ਸੀ। ਕੋਰੋਨਾ ਮਹਾਂਮਾਰੀ ਦੌਰਾਨ ਜਦੋਂ ਲੰਮੇ ਲਾਕ ਡਾਊਨ ਕਾਰਨ ਸ਼ਹਿਰਾਂ ਵਿੱਚ ਕੰਮ-ਧੰਦਾ ਬੰਦ ਹੋਣ ਉੱਤੇ ਪ੍ਰਵਾਸੀ ਮਜ਼ਦੂਰ ਆਪਣੇ ਪਿੰਡਾਂ ਨੂੰ ਪਲਾਇਨ ਕਰ ਗਏ ਸਨ ਤਾਂ ਇਹ ਮਨਰੇਗਾ ਹੀ ਸੀ, ਜਿਸ ਸਹਾਰੇ ਉਹ ਦੋ ਡੰਗ ਦੀ ਰੋਟੀ ਦਾ ਜੁਗਾੜ ਕਰ ਸਕੇ ਸਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਮਨਰੇਗਾ ਅਜਿਹੀ ਦੁਖਦੀ ਰਗ ਹੈ, ਜਿਸ ਨੂੰ ਚਾਹ ਕੇ ਵੀ ਉਹ ਖ਼ਤਮ ਨਹੀਂ ਕਰ ਸਕਦੇ, ਪਰ ਸਮੇਂ-ਸਮੇਂ ਉਤੇ ਆਪਣੀ ਭੜਾਸ ਜ਼ਰੂਰ ਕੱਢਦੇ ਰਹਿੰਦੇ ਹਨ। ਆਪਣੇ ਪਹਿਲੇ ਕਾਰਜਕਾਲ ਦੌਰਾਨ 2015 ਵਿੱਚ ਉਨ੍ਹਾਂ ਕਿਹਾ ਸੀ, "ਮਨਰੇਗਾ ਕਾਂਗਰਸ ਦੀ ਅਸਫ਼ਲਤਾ ਦੀ ਜਿਊਂਦੀ-ਜਾਗਦੀ ਮਿਸਾਲ ਹੈ, ਇਸ ਲਈ ਉਨ੍ਹਾਂ ਦੀ ਸਰਕਾਰ ਇਸ ਨੂੰ ਜਾਰੀ ਰੱਖੇਗੀ।" ਇਸੇ ਕਾਰਨ ਹੀ ਸਰਕਾਰ ਮਨਰੇਗਾ ਨੂੰ ਫੇਲ੍ਹ ਕਰਨ ਲਈ ਲਗਾਤਾਰ ਹੱਥਕੰਡੇ ਅਪਣਾਉਂਦੀ ਰਹਿੰਦੀ ਹੈ।

ਮਹਾਤਮਾ ਗਾਂਧੀ ਰਾਸ਼ਟਰੀ ਰੋਜ਼ਗਾਰ ਗਰੰਟੀ ਯੋਜਨਾ ਯਾਨੀ ਮਨਰੇਗਾ ਦਾ ਵਿੱਤੀ ਬਜਟ ਰਾਹੀਂ ਗਲ ਘੁੱਟਿਆ ਜਾ ਰਿਹਾ ਹੈ। ਸਰਕਾਰ ਨੇ 2024-25 ਲਈ ਇਸ ਯੋਜਨਾ ਲਈ 86000 ਹਜ਼ਾਰ ਕਰੋੜ ਰੁਪਏ ਰੱਖੇ ਸਨ, ਜੋ 2023-24 ਦੇ ਬਜਟ ਵਿੱਚ ਰੱਖੇ ਗਏ 1 ਲੱਖ 5 ਹਜ਼ਾਰ ਕਰੋੜ ਨਾਲੋਂ 19,297 ਕਰੋੜ ਘੱਟ ਸਨ। ਇਸ ਯੋਜਨਾ ਲਈ ਘੱਟ ਫੰਡ ਰੱਖੇ ਜਾਣ ਦੀ ਅਲੋਚਨਾ ਦਾ ਜਵਾਬ ਦਿੰਦਿਆਂ ਕਿਹਾ ਗਿਆ ਸੀ ਕਿ ਇਹ ਪ੍ਰੋਗਰਾਮ ਮੰਗ ਅਧਾਰਤ ਯੋਜਨਾ ਹੈ, ਇਸ ਲਈ ਜਦੋਂ ਲੋੜ ਪਵੇਗੀ, ਵਾਧੂ ਫੰਡ ਜਾਰੀ ਕਰ ਦਿੱਤੇ ਜਾਣਗੇ। ਇਸ ਬਾਰੇ 2021-22 ਦੇ ਵਿੱਤੀ ਵਰ੍ਹੇ ਦੀ ਉਦਾਹਰਨ ਦਿੱਤੀ ਗਈ ਸੀ, ਜਦੋਂ ਬਜਟ ਵਿੱਚ ਰੱਖੇ ਗਏ 61500 ਕਰੋੜ ਰੁਪਏ ਮੰਗ ਵਧਣ ਕਾਰਨ ਸੋਧ ਕੇ 1,11,500 ਕਰੋੜ ਰੁਪਏ ਕਰ ਦਿੱਤੇ ਗਏ ਸਨ। ਉਸ ਸਮੇਂ ਇਸ ਦਾ ਮੁੱਖ ਕਾਰਨ ਕੋਰੋਨਾ ਮਹਾਂਮਾਰੀ ਕਾਰਨ ਸ਼ਹਿਰਾਂ ਤੋਂ ਪਿੰਡਾਂ ਵੱਲ ਹੋਇਆ ਮਜ਼ਦੂਰਾਂ ਦਾ ਪਲਾਇਨ ਸੀ।

ਇਸ ਵਾਰ ਅਜਿਹਾ ਨਹੀਂ ਹੋਇਆ। ਇੱਕ ਅੰਗਰੇਜ਼ੀ ਅਖਬਾਰ ਦੀ ਰਿਪੋਰਟ ਮੁਤਾਬਕ ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਨੂੰ ਮਨਰੇਗਾ ਦੀ ਮਜ਼ਦੂਰੀ ਦੇਣ ਲਈ 4315 ਕਰੋੜ ਰੁਪਏ ਚਾਹੀਦੇ ਹਨ, ਇਸ ਲਈ ਮੰਤਰਾਲੇ ਵੱਲੋਂ ਵਾਰ-ਵਾਰ ਕਹੇ ਜਾਣ ਉੱਤੇ ਵੀ ਫੰਡ ਨਹੀਂ ਦਿੱਤਾ ਜਾ ਰਿਹਾ। ਇਸ ਤੋਂ ਬਿਨਾਂ ਵੀ ਕੇਂਦਰ ਵੱਲ ਪੇਂਡੂ ਵਿਕਾਸ ਮੰਤਰਾਲੇ ਦਾ ਪਿਛਲਾ ਬਕਾਇਆ ਵੀ ਖੜ੍ਹਾ ਹੈ। ਇਸ ਤੋਂ ਇਲਾਵਾ ਕੇਂਦਰ ਵੱਲ ਮੰਤਰਾਲੇ ਦਾ ਕੱਚਾ ਮਾਲ ਮੁਹੱਈਆ ਕਰਾਉਣ ਵਾਲਿਆਂ ਦੀ 5,715 ਕਰੋੜ ਦੇਣਦਾਰੀ ਵੀ ਬਕਾਇਆ ਹੈ। ਕੇਂਦਰ ਮਨਰੇਗਾ ਕੰਮ ਲਈ ਵਰਤੀ ਜਾਣ ਵਾਲੀ ਸਮੱਗਰੀ ਦੀ ਲਾਗਤ ਦਾ 60 ਫ਼ੀਸਦੀ ਖਰਚਾ ਦਿੰਦਾ ਹੈ ਤੇ ਬਾਕੀ 40 ਫ਼ੀਸਦੀ ਸੂਬਾ ਸਰਕਾਰਾਂ ਦਿੰਦੀਆਂ ਹਨ। ਪਿਛਲਾ ਬਕਾਇਆ ਨਾ ਦੇਣ ਕਾਰਨ ਠੇਕੇਦਾਰ ਅੱਗੋਂ ਸਮਗਰੀ ਨਹੀਂ ਦਿੰਦੇ, ਜਿਸ ਕਾਰਨ ਪੇਂਡੂ ਖੇਤਰ ਦੀਆਂ ਵਿਕਾਸ ਯੋਜਨਾਵਾਂ ਰੁਕੀਆਂ ਪਈਆਂ ਹਨ।

ਅਸਲ ਵਿੱਚ ਸਰਕਾਰ ਵਿੱਤੀ ਸੰਕਟ ਵਿੱਚ ਪਾ ਕੇ ਮਨਰੇਗਾ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਉਸ ਦਾ ਮੁੱਖ ਮਕਸਦ ਕਾਰਪੋਰੇਟ ਸੈਕਟਰ ਲਈ ਸਸਤੇ ਮਜ਼ਦੂਰ ਮੁਹੱਈਆ ਕਰਵਾਉਣਾ ਹੈ। ਇਹ ਤਦ ਹੀ ਸੰਭਵ ਹੈ, ਜੇਕਰ ਪਿੰਡਾਂ ਵਿਚਲਾ ਮਨਰੇਗਾ ਵਰਗਾ ਰੁਜ਼ਗਾਰ ਖ਼ਤਮ ਕਰ ਦਿੱਤਾ ਜਾਵੇ। ਇਹ ਦੇਖਣ ਵਿੱਚ ਆਇਆ ਹੈ ਕਿ ਜਦੋਂ ਮਨਰੇਗਾ ਵਿੱਚ ਵਾਰ-ਵਾਰ ਕੰਮ ਮੰਗਣ ਉੱਤੇ ਕੰਮ ਨਹੀਂ ਮਿਲਦਾ ਤਾਂ ਲੋਕ ਕੰਮ ਮੰਗਣਾ ਬੰਦ ਕਰ ਦਿੰਦੇ ਹਨ। ਇਸ ਤੋਂ ਬਾਅਦ ਆਖਰ ਉਹ ਸ਼ਹਿਰਾਂ ਵੱਲ ਜਾਣ ਲਈ ਮਜਬੂਰ ਹੋ ਜਾਂਦੇ ਹਨ।

-ਚੰਦ ਫਤਿਹਪੁਰੀ

ਗੈਰ-ਸਿਆਸੀ ਜਥੇਬੰਦੀਆਂ ਗੈਰ-ਭਰੋਸੇਮੰਦ ਹੁੰਦੀਆਂ

ਸਰਮਾਏਦਾਰੀ ਪ੍ਰਬੰਧ ਅਧੀਨ ਲੋਕਾਂ ਅਤੇ ਮਿਹਨਤਕਸ਼ਾਂ ਵੱਲੋਂ ਆਪਣੇ ਜੀਵਨ ਦੀ ਹੋਂਦ ਨੂੰ ਅਤੇ ਸੰਘਰਸ਼ਾਂ ਰਾਹੀਂ ਪ੍ਰਾਪਤ ਕੀਤੇ ਮਾਨਵੀ ਅਤੇ ਕਿੱਤਾ-ਮੁਖੀ ਅਧਿਕਾਰਾਂ ਨੂੰ ਬਰਕਰਾਰ ਰੱਖਣ ਲਈ ਸਰਮਾਏਦਾਰੀ ਵਿਰੁੱਧ ਲਗਾਤਾਰ ਸੰਘਰਸ਼ਸ਼ੀਲ ਰਹਿਣਾ ਪੈਂਦਾ ਹੈ ਅਤੇ ਸਰਮਾਏਦਾਰੀ/ਬੁਰਜੂਆਜੀ ਇਨ੍ਹਾਂ ਸੰਘਰਸ਼ਾਂ ਨੂੰ ਸਾਬੋਤਾਜ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤਦੀ ਹੈ, ਇਨ੍ਹਾਂ ਵਿਚੋਂ ਇੱਕ ਹੈ ਸੰਘਰਸ਼ਾਂ ਦਾ 'ਗੈਰ-ਸਿਆਸੀਕਰਨ' ਕਰਨਾ।

ਕਾਰਲ ਮਾਰਕਸ ਦੇ ਕਹਿਣ ਮੁਤਾਬਕ, 'ਹਰ ਜਮਾਤੀ ਸੰਘਰਸ਼ ਸਿਆਸੀ ਸੰਘਰਸ਼ ਹੁੰਦਾ ਹੈ।' ਗੈਰ-ਪਾਰਟੀ ਬਾਰੇ ਲੈਨਿਨ ਕਹਿੰਦੇ ਹਨ, 'ਬੁਰਜੂਆ ਸਮਾਜ ਵਿੱਚ ਗੈਰ-ਪਾਰਟੀ ਸਿਧਾਂਤ ਸਿਰਫ਼ ਇੱਕ ਪਖੰਡੀ, ਭੇਸ ਵਾਲਾ, ਉਦਾਸੀਨ ਪ੍ਰਗਟਾਵਾ ਹੈ, ਜੋ ਚੰਗੀ ਤਰ੍ਹਾਂ ਖਾਂਦੇ ਪੀਂਦੇ ਲੋਕਾਂ, ਸ਼ਾਸਕਾਂ, ਸ਼ੋਸ਼ਣ ਕਰਨ ਵਾਲਿਆਂ ਦੀ ਪਾਰਟੀ ਨਾਲ ਜੁੜਿਆ ਹੋਇਆ ਹੈ। ਗੈਰ-ਪਾਰਟੀ ਵਿਚਾਰ ਇੱਕ ਬੁਰਜੂਆ ਵਿਚਾਰ ਹੈ। ਪਾਰਟੀ ਵਿਚਾਰ ਇੱਕ ਸਮਾਜਵਾਦੀ ਵਿਚਾਰ ਹੈ।' ਇਹ ਥੀਸਿਸ, ਆਮ ਤੌਰ 'ਤੇ ਅਤੇ ਸਮੁੱਚੇ ਤੌਰ 'ਤੇ ਸਾਰੇ ਬੁਰਜੂਆ ਸਮਾਜ 'ਤੇ ਲਾਗੂ ਹੁੰਦਾ ਹੈ। (ਸਮਾਜਵਾਦੀ ਪਾਰਟੀ ਅਤੇ ਗੈਰ-ਪਾਰਟੀ ਇਨਕਲਾਬਵਾਦ, ਪੰਨਾ 79 ਭਾਗ 10 ਵੀ ਆਈ ਲੈਨਿਨ)

ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਸਤੰਬਰ 2020 ਵਿੱਚ ਕਿਸਾਨਾਂ ਦੀ ਜ਼ਮੀਨ ਕਾਰਪੋਰੇਟ ਘਰਾਣਿਆਂ ਸਪੁਰਦ ਕਰਨ ਲਈ ਪਾਸ ਕੀਤੇ ਸਮੂਹ ਕਿਸਾਨ ਵਰਗ ਵਿਰੋਧੀ ਤਿੰਨ ਕਾਨੂੰਨਾਂ ਦਾ ਪਿਛੋਕੜ ਨਿਰੋਲ ਰਾਜਨੀਤਕ ਸੀ ਅਤੇ ਉਨ੍ਹਾਂ ਨੂੰ ਵਾਪਸ ਕਰਵਾਉਣ ਲਈ ਇੱਕ ਸਾਲ ਤੋਂ ਉੱਪਰ ਕੀਤਾ ਸੰਘਰਸ਼ ਵੀ ਰਾਜਨੀਤਕ ਹੀ ਸੀ। ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਕਿਰਤ ਕਾਨੂੰਨਾਂ ਵਿੱਚ ਮਜ਼ਦੂਰ ਵਿਰੋਧੀ ਸੋਧਾਂ ਕਰਕੇ ਚਾਰ ਕੋਡ ਲਿਆਉਣ ਵਿਰੁੱਧ ਸੰਘਰਸ਼, ਕਿਸਾਨਾਂ ਵੱਲੋਂ ਸਾਰੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ, ਕਰਜ਼ਾ ਮੁਆਫੀ ਲਈ ਅਤੇ ਹੁਣ ਕੇਂਦਰ ਸਰਕਾਰ ਵੱਲੋਂ ਜਾਰੀ ਖੇਤੀ ਮੰਡੀਕਰਨ ਨੀਤੀ ਦਾ ਖਰੜਾ ਜਿਹੜਾ 2021 ਵਿੱਚ ਰੱਦ ਕੀਤੇ ਗਏ ਖੇਤੀਬਾੜੀ ਕਾਨੂੰਨਾਂ ਦੀਆਂ ਵਿਵਾਦਤ ਧਾਰਾਵਾਂ ਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਹੈ, ਦੇ ਵਿਰੁੱਧ ਕਿਸਾਨਾਂ ਦੀ ਲਾਮਬੰਦੀ ਸਭ ਪਿੱਛੇ ਸਿਆਸਤ ਹੀ ਘੁੰਮਦੀ ਹੈ।

ਮੁਨਾਫ਼ੇ 'ਤੇ ਅਧਾਰਤ ਆਰਥਕ-ਸਮਾਜਕ ਪ੍ਰਬੰਧ ਅੰਦਰ ਦੋ ਜਮਾਤਾਂ ਹੁੰਦੀਆਂ ਹਨ, ਇੱਕ ਲੁਟੇਰੀ ਜਮਾਤ ਅਤੇ ਦੂਜੀ ਲੁੱਟੀ ਜਾਣ ਵਾਲੀ ਭਾਵ ਸ਼ੋਸ਼ਿਕ ਅਤੇ ਸ਼ੋਸ਼ਿਤ ਜਮਾਤ। ਅਜਿਹੇ ਸਮਾਜ ਅੰਦਰ ਕਿਸੇ ਵਿਅਕਤੀ ਜਾਂ ਸੰਗਠਨ ਦਾ ਆਪਣੇ ਆਪ ਨੂੰ ਗੈਰ-ਸਿਆਸੀ ਕਹਾਉਣ ਪਿੱਛੇ ਕਿਸੇ ਸਾਜ਼ਿਸ਼ ਦਾ ਥਾਪੜਾ ਹੁੰਦਾ ਹੈ। ਨਿਰੋਲ ਆਰਥਕ ਮੰਗਾਂ ਲਈ ਲੜਾਈ ਹਾਕਮ ਜਮਾਤ ਦੀ ਸੱਤਾ ਨੂੰ ਬਿਨਾਂ ਕੋਈ ਖਤਰਾ ਪਹੁੰਚਾਏ ਸੰਘਰਸ਼ ਚਲਦੇ ਰਹਿੰਦੇ ਹਨ ਅਤੇ ਕੁਝ ਆਰਥਿਕ ਰਾਹਤ ਹਾਸਲ ਕਰਨ 'ਤੇ ਖਤਮ ਹੋ ਜਾਂਦੇ ਹਨ ਜਾਂ ਮੁਲਤਵੀ ਹੋ ਜਾਂਦੇ ਹਨ। ਅਜਿਹੇ ਘੋਲਾਂ ਅੰਦਰ ਹਾਕਮ ਜਮਾਤ ਦੀ ਸੱਤਾ ਬਰਕਰਾਰ ਰਹਿੰਦੀ ਹੈ।

ਪਾਰਲੀਮਾਨੀ ਜਮਹੂਰੀ ਚੋਣ ਪ੍ਰਣਾਲੀ ਅਧੀਨ ਲੜ ਰਹੀਆਂ ਪਾਰਟੀਆਂ ਦੀ ਲੜਾਈ ਕੇਵਲ ਸੱਤਾ ਪ੍ਰਾਪਤ ਕਰਨਾ ਹੁੰਦਾ ਹੈ, ਸੱਤਾ ਤਬਦੀਲੀ ਨਹੀਂ ਹੁੰਦੀ ਅਤੇ ਆਪਣੀ ਜਿੱਤ ਤੋਂ ਬਾਅਦ ਸਾਰੀਆਂ ਪਾਰਟੀਆਂ ਹਾਕਮ ਜਮਾਤਾਂ ਦੇ ਜਮਾਤੀ ਹਿੱਤਾਂ ਲਈ ਹੀ ਕੰਮ ਕਰਦੀਆਂ ਹਨ। ਇਥੋਂ ਤੱਕ ਕਿ ਖ਼ੁਦਮੁਖ਼ਤਿਆਰ ਕਹਾਉਂਦੀਆਂ ਸੰਸਥਾਵਾਂ, ਕਾਰਜਕਾਰਨੀ, ਨਿਆਂ-ਪ੍ਰਣਾਲੀ ਸਭ ਹਾਕਮ ਜਮਾਤਾਂ ਦੇ ਹਿੱਤਾਂ ਲਈ ਹੀ ਕੰਮ ਕਰਦੀਆਂ ਹਨ। ਏਥੇ ਝੁੱਗੀਆਂ 'ਚ ਰਹਿਣ ਵਾਲਿਆਂ ਲਈ ਮਕਾਨ ਬਣਵਾਉਣਾ ਤਾਂ ਇੱਕ ਪਾਸੇ ਰਿਹਾ, ਉਨ੍ਹਾਂ ਦੀ ਥਾਂ ਤਾਂ ਚਾਹ ਵੇਚਣ ਵਾਲੇ ਅਤੇ ਆਮ ਆਦਮੀ ਕਹਾਉਣ ਵਾਲਿਆਂ ਲਈ ਤਾਂ ਰਾਜ ਮਹੱਲ ਅਤੇ ਸ਼ੀਸ਼ ਮਹੱਲ ਹੀ ਬਣਨੇ ਹਨ। ਅਜਿਹੀਆਂ ਤਾਕਤਾਂ ਤਾਨਸ਼ਾਹੀ ਦੀਆਂ ਪ੍ਰਤੀਕ ਹੁੰਦੀਆਂ ਹਨ। ਗੈਰ-ਸਿਆਸੀ ਜਥੇਬਦੀਆਂ ਗੈਰ-ਭਰੋਸੇਮੰਦ ਹੁੰਦੀਆਂ ਹਨ। ਅਜਿਹੀਆਂ ਜਥੇਬੰਦੀਆਂ ਲੁਟੇਰੀਆਂ ਜਮਾਤਾਂ ਦੇ ਪੱਖ ਵਿੱਚ ਹੀ ਜਾਂਦੀਆਂ ਹਨ।

ਗੈਰ-ਪਾਰਟੀ ਵਿਚਾਰ ਇੱਕ ਬੁਰਜੂਆ ਵਿਚਾਰ ਹੈ। ਪਾਰਟੀ ਵਿਚਾਰ ਇੱਕ ਸਮਾਜਵਾਦੀ ਵਿਚਾਰ ਹੈ। ਇਹ ਥੀਸਿਸ, ਆਮ ਤੌਰ 'ਤੇ ਅਤੇ ਸਮੁੱਚੇ ਤੌਰ 'ਤੇ ਸਾਰੇ ਬੁਰਜੂਆ ਸਮਾਜ 'ਤੇ ਲਾਗੂ ਹੁੰਦਾ ਹੈ। (ਸਮਾਜਵਾਦੀ ਪਾਰਟੀ ਅਤੇ ਗੈਰ-ਪਾਰਟੀ ਇਨਕਲਾਬਵਾਦ, ਪੰਨਾ 79 ਭਾਗ 10 ਵਾਂ ਲੈਨਿਨ)

ਮਾਰਕਸ ਦੇ ਹਵਾਲੇ ਨਾਲ ਸਟਾਲਿਨ ਲਿਖਦੇ ਹਨ ਕਿ ਹਰ ਜਮਾਤੀ ਸੰਘਰਸ਼ ਇੱਕ ਸਿਆਸੀ ਸੰਘਰਸ਼ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਜੇਕਰ ਪ੍ਰੋਲੇਤਾਰੀ ਅਤੇ ਪੂੰਜੀਪਤੀ ਅੱਜ ਇੱਕ-ਦੂਜੇ ਦੇ ਵਿਰੁੱਧ ਆਰਥਿਕ ਸੰਘਰਸ਼ ਕਰ ਰਹੇ ਹਨ, ਤਾਂ ਉਹ ਕੱਲ੍ਹ ਨੂੰ ਇੱਕ ਸਿਆਸੀ ਸੰਘਰਸ਼ ਕਰਨ ਲਈ ਮਜਬੂਰ ਹੋਣਗੇ ਅਤੇ ਇਸ ਤਰ੍ਹਾਂ ਆਪਣੇ-ਆਪਣੇ ਜਮਾਤੀ ਹਿੱਤਾਂ ਦੀ ਰੱਖਿਆ ਇੱਕ ਅਜਿਹੇ ਸੰਘਰਸ਼ ਵਿੱਚ ਕਰਨਗੇ, ਜਿਸ ਦੇ ਦੋ ਰੂਪ ਹਨ। ਪੂੰਜੀਪਤੀਆਂ ਦੇ ਆਪਣੇ ਖਾਸ ਵਪਾਰਕ ਹਿੱਤ ਹੁੰਦੇ ਹਨ ਅਤੇ ਇਹਨਾਂ ਹਿੱਤਾਂ ਦੀ ਰੱਖਿਆ ਲਈ ਹੀ ਉਹਨਾਂ ਦੇ ਆਰਥਿਕ ਸੰਗਠਨ ਮੌਜੂਦ ਹਨ। ਪਰ ਉਹਨਾਂ ਦੇ ਖਾਸ ਵਪਾਰਕ ਹਿੱਤਾਂ ਤੋਂ ਇਲਾਵਾ ਉਹਨਾਂ ਦੇ ਸਾਂਝੇ ਜਮਾਤੀ ਹਿੱਤ ਵੀ ਹਨ, ਅਰਥਾਤ ਪੂੰਜੀਵਾਦ ਨੂੰ ਮਜ਼ਬੂਤ ਕਰਨਾ।

ਰਾਜਨੀਤੀ ਅਤੇ ਅਰਥ ਸ਼ਾਸਤਰ ਬਹੁਤ ਨੇੜਿਓਂ ਜੁੜੇ ਹੋਏ ਹਨ ਅਤੇ ਆਰਥਿਕ ਮੰਗ ਰਾਜਨੀਤਕ ਕਾਰਵਾਈ ਵੱਲ ਲੈ ਜਾਂਦੀ ਹੈ। ਇਹ ਇਸ ਲਈ ਹੈ,

ਪਵਨ ਕੁਮਾਰ ਕੌਸ਼ਲ

ਕਿਉਂਕਿ ਰਾਜਨੀਤਕ ਵਿਚਾਰ ਲੋਕਾਂ ਦੇ ਅਰਥਚਾਰੇ ਨੂੰ ਵੇਖਣ ਦੇ ਤਰੀਕੇ ਨੂੰ ਪ੍ਰਭਾਵਤ ਕਰ ਸਕਦੇ ਹਨ ਅਤੇ ਅਰਥ ਵਿਵਸਥਾ ਲੋਕਾਂ ਦੇ ਵੋਟ ਪਾਉਣ ਦੇ ਤਰੀਕੇ ਨੂੰ ਪ੍ਰਭਾਵਿਤ ਕਰ ਸਕਦੀ ਹੈ। ਰਾਜਨੀਤੀ ਉਹਨਾਂ ਗਤੀਵਿਧੀਆਂ ਦਾ ਸਮੂਹ ਹੈ ਜੋ ਸਮੂਹਾਂ ਵਿੱਚ ਫੈਸਲੇ ਲੈਣ ਜਾਂ ਵਿਅਕਤੀਆਂ ਵਿੱਚ ਸ਼ਕਤੀ ਸਬੰਧਾਂ ਦੇ ਹੋਰ ਰੂਪਾਂ ਨਾਲ ਜੁੜੀਆਂ ਹੁੰਦੀਆਂ ਹਨ, ਜਿਵੇਂ ਕਿ ਸਥਿਤੀ ਜਾਂ ਸਰੋਤਾਂ ਦੀ ਵੰਡ।

ਰਾਜਨੀਤੀ ਲੋਕਾਂ ਵਿਚਕਾਰ ਸਮਝੌਤੇ ਕਰਨ ਬਾਰੇ ਹੈ, ਤਾਂ ਜੋ ਉਹ ਕਬੀਲਿਆਂ, ਸ਼ਹਿਰਾਂ ਜਾਂ ਦੇਸ਼ਾਂ ਵਰਗੇ ਸਮੂਹਾਂ ਵਿੱਚ ਇਕੱਠੇ ਰਹਿ ਸਕਣ। ਵੱਡੇ ਸਮੂਹਾਂ ਵਿੱਚ, ਜਿਵੇਂ ਕਿ ਦੇਸ਼ਾਂ ਵਿੱਚ, ਕੁਝ ਲੋਕ ਆਪਣਾ ਬਹੁਤ ਸਾਰਾ ਸਮਾਂ ਅਜਿਹੇ ਸਮਝੌਤੇ ਕਰਨ ਵਿੱਚ ਬਿਤਾਉਂਦੇ ਹਨ। ਖੱਬੇ-ਪੱਖੀ ਸੰਗਠਨ ਲਈ ਇਹ ਜ਼ਰੂਰੀ ਹੈ ਕਿ ਉਹ ਇਨਕਲਾਬੀ ਗਤੀ ਲਈ ਧਾਰਮਿਕ ਕੱਟੜਵਾਦ ਤੋਂ ਸਮਰਥਨ ਲੈਣ ਦੀ ਬਜਾਏ ਪ੍ਰਗਤੀਸ਼ੀਲ ਤਬਦੀਲੀ ਦੇ ਸਿਆਸੀ ਪ੍ਰੋਜੈਕਟ ਨਾਲ ਪੂੰਜੀਵਾਦੀ-ਸਾਮਰਾਜਵਾਦੀ ਪ੍ਰੋਜੈਕਟ ਨੂੰ ਚੁਣੌਤੀ ਦੇਣ ਲਈ ਆਪਸ ਵਿੱਚ ਅਤੇ ਖੱਬੇ-ਪੱਖੀ ਮਜ਼ਦੂਰ ਯੂਨੀਅਨਾਂ ਨਾਲ ਏਕਤਾ ਬਣਾਉਣ।

ਰਾਜਨੀਤਿਕ ਗਤੀਵਿਧੀ ਆਪਣੇ ਆਪ ਵਿੱਚ ਕੀਮਤੀ ਹੋ ਸਕਦੀ ਹੈ, ਇਹ ਨਾਗਰਿਕਾਂ ਨੂੰ ਸਮਾਜਿਕ ਤੌਰ 'ਤੇ ਸਿੱਖਿਅਤ ਕਰਦੀ ਹੈ ਅਤੇ ਆਪਣੇ ਹੱਕਾਂ ਪ੍ਰਤੀ ਸੁਚੇਤ ਕਰਦੀ ਹੈ।

ਕਿਸਾਨੀ ਦਾ ਸੰਘਰਸ਼ ਇੱਕ ਸਿਆਸੀ ਸੰਘਰਸ਼ ਹੈ। ਕਿਸਾਨ ਅੰਦੋਲਨ ਸਮਾਜਿਕ ਅੰਦੋਲਨ ਹਨ, ਜੋ ਕਿਸਾਨਾਂ ਦੇ ਹੱਕਾਂ ਲਈ ਲੜਦੇ ਹਨ ਅਤੇ ਅਕਸਰ ਖੇਤੀਬਾੜੀ ਨੀਤੀ ਨਾਲ ਜੁੜੇ ਹੁੰਦੇ ਹਨ। ਇੱਕੀਵੀਂ ਸਦੀ ਦੀ ਕਿਸਾਨ ਰਾਜਨੀਤੀ ਜ਼ਮੀਨ ਹੜੱਪਣ, ਖੇਤੀ ਸੁਧਾਰਾਂ ਦਾ ਵਿਰੋਧ ਅਤੇ ਇੱਕ ਵਧ ਰਹੀ ਜਲਵਾਯੂ ਤਬਾਹੀ ਦੇ ਸਾਹਮਣੇ ਖੇਤੀ ਅੰਦੋਲਨਾਂ ਦੇ ਸੰਘਰਸ਼ ਨੂੰ ਰੇਖਾਂਕਿਤ ਕਰਦੀ ਹੈ। ਭਾਰਤ ਵਿੱਚ ਕਿਸਾਨ ਅੰਦੋਲਨ ਬਸਤੀਵਾਦੀ ਦੌਰ ਦੌਰਾਨ ਸ਼ੁਰੂ ਹੋਇਆ ਅਤੇ ਬਸਤੀਵਾਦ ਤੋਂ ਬਾਅਦ ਦੇ ਦੌਰ ਵਿੱਚ ਜਾਰੀ ਰਿਹਾ। ਇਹ ਅੰਦੋਲਨ ਬ੍ਰਿਟਿਸ਼ ਆਰਥਿਕ ਨੀਤੀਆਂ ਦਾ ਪ੍ਰਤੀਕਰਮ ਸਨ, ਜਿਨ੍ਹਾਂ ਨੇ ਜ਼ਮੀਨ ਦੀ ਮਾਲਕੀ ਵਿੱਚ ਤਬਦੀਲੀਆਂ, ਕਰਜ਼ੇ ਵਿੱਚ ਵਾਧਾ ਅਤੇ ਜ਼ਮੀਨ ਦੀ ਭੀੜ ਨੂੰ ਵਧਾਇਆ।

ਟੈਕਸਾਂ ਦੀ ਮਾਰ, ਫਸਲਾਂ ਦੀ ਅਸਫਲਤਾ, ਵਿਰਾਸਤ ਦੀ ਵੰਡ ਅਤੇ ਮੁਕੱਦਮੇ ਇੱਕ ਤੋਂ ਬਾਅਦ ਇੱਕ ਕਿਸਾਨ ਨੂੰ ਸੂਦਖੋਰ ਦੀਆਂ ਬਾਂਹਾਂ ਵਿੱ

29-JAN-PAGE-5.qxd 1/28/2025 10:46 PM Page 1

ਡਾ. ਅੰਬੇਡਕਰ ਦੀ ਮੂਰਤੀ ਦੀ ਭੰਨ-ਤੋੜ ਕਰਨ ਦੇ ਰੋਸ ਵਜੋਂ ਮੋਗਾ ਮੁਕੰਮਲ ਬੰਦ

ਦਲਿਤ ਸਮਾਜ ਤੇ ਵੱਖ-ਵੱਖ ਜਥੇਬੰਦੀਆਂ ਨੇ ਸ਼ਹਿਰ 'ਚ ਰੋਸ ਮਾਰਚ ਕਰ ਮੁੱਖ ਚੌਕ 'ਚ ਦਿੱਤਾ ਧਰਨਾ

ਮੋਗਾ (ਇਕਬਾਲ ਸਿੰਘ ਖਹਿਰਾ)-26 ਜਨਵਰੀ ਗਣਤੰਤਰ ਦਿਵਸ 'ਤੇ ਅੰਮ੍ਰਿਤਸਰ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਜੀ ਦੀ ਮੂਰਤੀ ਦੀ ਭੰਨ-ਤੋੜ ਕਰਨ ਦੇ ਰੋਸ ਵਜੋਂ ਸਮੂਹ ਦਲਿਤ ਭਾਈਚਾਰੇ ਦੀਆਂ ਸਰਕਾਰੀ ਤੇ ਗੈਰ-ਸਰਕਾਰੀ ਸਮੂਹ ਸੰਸਥਾਵਾਂ ਅਤੇ ਜਥੇਬੰਦੀਆਂ ਵੱਲੋਂ ਮੋਗਾ ਬੰਦ ਕੀਤਾ ਅਤੇ ਸਾਰੇ ਸ਼ਹਿਰ ਵਿੱਚ ਰੋਸ ਰੈਲੀ ਕੀਤੀ ਗਈ। ਇਸ ਮੌਕੇ ਦਲਿਤ ਭਾਈਚਾਰੇ ਦੀਆਂ ਸਾਰੀਆਂ ਹੀ ਜਥੇਬੰਦੀਆਂ ਦਾ ਹਿੱਸਾ ਲਿਆ। ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਦੀ ਮੂਰਤੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਅਕਤੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਇਸ ਮਾਮਲੇ ਵਿੱਚ ਸ਼ਾਮਲ ਵਿਅਕਤੀਆਂ ਦਾ ਪਰਦਾ ਫਾਸ਼ ਕੀਤਾ ਜਾਵੇ। ਜੇਕਰ ਉੱਚ ਪੱਧਰੀ ਜਾਂਚ ਨਹੀਂ ਕਰਵਾਈ ਗਈ ਤਾਂ ਅਸੀਂ ਹੋਰ ਸਖ਼ਤ ਕਦਮ ਚੁੱਕਾਂਗੇ। ਇਸ ਮੌਕੇ ਸੁਖਪਾਲ ਸੌਦਾ (ਰਾਜੂ) ਪ੍ਰਧਾਨ ਮਿਉਂਸਪਲ ਇੰਪਲਾਈਜ਼ ਫੈਡਰੇਸ਼ਨ, ਨਗਰ ਨਿਗਮ ਮੋਗਾ, ਵਾਲਮੀਕਿ ਸਭਾ (ਰਜਿ: 69) ਪ੍ਰਧਾਨ ਅਸ਼ੋਕ ਸਫਰੀ, ਸਰਪ੍ਰਸਤ ਨਰੇਸ਼ ਡੁਲਗਚ, ਸਾਬਕਾ ਪ੍ਰਧਾਨ ਸਿੰਕਦਰ ਡੁਲਗਚ, ਸਾਬਕਾ ਪ੍ਰਧਾਨ ਸੱਤਪਾਲ ਅੰਜਾਨ, ਸਫਾਈ ਸੇਵਕ ਯੂਨੀਅਨ ਦੇ ਚੇਅਰਪਰਸਨ ਸ੍ਰੀਮਤੀ ਆਸ਼ਾ ਡੁਲਗਚ, ਡਿਪਟੀ ਚੇਅਰਮੈਨ ਤਰਨਦੀਪ ਕੌਰ, ਸੀਨੀਅਰ ਮੀਤ ਪ੍ਰਧਾਨ ਸਾਜਨ ਡੁਲਗਚ ਮਿਉਂਸਪਲ ਇੰਪਲਾਈਜ਼ ਫੈਡਰੇਸ਼ਨ, ਨਗਰ ਨਿਗਮ ਮੋਗਾ, ਕੁਲਵੰਤ ਰਾਏ ਬੋਹਤ ਅਖਿਲ ਭਾਰਤੀ ਮਜ਼ਦੂਰ ਸੰਗਠਨ, ਵਿਜੇ ਧੀਰ ਐਡਵੋਕੇਟ, ਰਾਕੇਸ਼ ਸਿਤਾਰਾ ਸਮਾਜਸੇਵੀ, ਮਿਉਂਸਪਲ ਇੰਪਲਾਈਜ਼ ਫੈਡਰੇਸ਼ਨ ਦੇ ਚੇਅਰਮੈਨ ਵਿਕਰਮਜੀਤ ਸਿੰਘ, ਲੀਡਿੰਗ ਫਾਇਰਮੈਨ, ਸਕੱਤਰ ਪ੍ਰੇਮ ਕੁਮਾਰ ਇੰਸਪੈਕਟਰ, ਡਿਪਟੀ ਚੇਅਰਮੈਨ ਬਿੱਟੂ ਚਾਂਵਰੀਆਂ (ਸੀਵਰਮੈਨ), ਸੰਯੁਕਤ ਸਕੱਤਰ ਰਾਕੇਸ਼ ਲੋਹੇਰਾ, ਕੈਸ਼ੀਅਰ ਸੰਦੀਪ ਸਿੰਘ, ਮੀਤ ਪ੍ਰਧਾਨ ਕਰਮਵੀਰ ਬੋਹਤ, ਮੀਤ ਪ੍ਰਧਾਨ ਗਗਨਦੀਪ, ਸਫਾਈ ਸੇਵਕ ਯੂਨੀਅਨ ਦੇ ਮੁੱਖ ਸਲਾਹਕਾਰ ਲਾਲ ਚੰਦ ਡੁਲਗਚ, ਜਨਰਲ ਸਕੱਤਰ ਰਾਹੁਲ ਮੇਹਲਾਂਦਿਆ, ਜਗਸੀਰ ਸਿੰਘ (ਸਿਰੀ), ਫਾਈਰ ਬ੍ਰਿਗੇਡ ਦੇ ਪ੍ਰਧਾਨ ਜਗਤਾਰ ਸਿੰਘ, ਸੱਕਤਰ ਬੇਅੰਤ ਸਿੰਘ, ਸੁਨੀਲ ਚਾਂਵਰੀਆਂ, ਦਫ਼ਤਰੀ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਰਾਕੇਸ਼ ਕੁਮਾਰ (ਧੁੰਨਾ), ਚੇਅਰਮੈਨ ਸੁਮਨ ਕੁਮਾਰ ਸੀਨੀ: ਮੀਤ ਪ੍ਰਧਾਨ ਰਾਮ ਪ੍ਰਕਾਸ਼, ਜਨਰਲ ਸੱਕਤਰ ਰੋਹਿਤ ਸ਼ਰਮਾ, ਵਾਈਸ ਪ੍ਰਧਾਨ ਪਰਮਜੀਤ ਕੌਰ, ਵਾਈਸ ਪ੍ਰਧਾਨ ਇੰਦਰਜੀਤ, ਸਲਾਹਕਾਰ ਰਾਜ ਕੁਮਾਰ, ਸੀਵਰੇਜ ਕਰਮਚਾਰੀ ਦਲ ਦੇ ਪ੍ਰਧਾਨ ਮੰਗਤ ਰਾਮ, ਵਾਟਰ ਸਪਲਾਈ ਦੇ ਪ੍ਰਧਾਨ ਜਸਵੀਰ ਸਿੰਘ, ਬੇਲਦਾਰ ਵਾਟਰ ਸਪਲਾਈ ਯੂਨੀਅਨ ਦੇ ਪ੍ਰਧਾਨ ਜਸਮੇਲ ਸਿੰਘ, ਧਰਮਿੰਦਰ ਸਿੰਘ, ਬਾਮਸੇਫ ਭਾਰਤ ਮੁਕਤੀ ਮੋਰਚਾ, ਜਗਰੂਪ ਸਿੰਘ ਤੂੜੀ ਛਿੱਲਕਾ ਯੂਨੀਅਨ, ਸੁਖਮੰਦਰ ਸਿੰਘ ਮਜ਼ਬੂਤੀ ਸਿੱਖ ਵੈੱਲਫੇਅਰ ਐਸੋਸੀਏਸ਼ਨ, ਰਜਿੰਦਰ ਸਿੰਘ ਮਜ਼ਬੂਤੀ ਸਿੱਖ ਵੈੱਲਫੇਅਰ ਐਸੋਸੀਏਸ਼ਨ, ਤੀਰਥ ਸਿੰਘ ਕੌਂਸਲਰ ਵਾਰਡ ਨੰ: 40, ਸੁੱਖੀ ਸਫਰੀ ਮਜ਼ਬੂਤੀ ਸਿੱਖ ਸਭਾ, ਰਾਜਨ ਡਿੰਗਵਾਲ ਰੈਗਰ ਸਭਾ, ਵਿਸ਼ਾਲ ਸਫਰੀ, ਰਵੀ ਸਫਰੀ, ਭਾਰਤੀ ਕਿਸਾਨ ਯੂਨੀਅਨ, ਨਰੇਸ਼ ਬੁਹਤ ਭਾਵਾਧਸ, ਵਿਜੇ ਦਾਨਵ ਭੀਮ ਆਰਮੀ ਮੋਗਾ, ਵਿਜੇ ਐੱਮ.ਸੀ., ਨੀਲਾਂ ਚਾਵਰੀਆਂ, ਵਿਸ਼ਾਲ ਰਾਜਪੂਤ, ਰਾਹੁਲ ਉਜੀਨਵਾਲ ਸੀਨੀਅਰ ਮੀਤ ਪ੍ਰਧਾਨ ਵਾਲਮਿਕੀ ਸਭਾ, ਕੇਵਲ ਸਿੰਘ ਸਾਬਕਾ ਕੌਂਸਲਰ, ਪ੍ਰਧਾਨ ਨਿਰਮਲ ਸਿੰਘ, ਸੈਕਟਰੀ ਅਮ੍ਰਿਤਪਾਲ ਸਿੰਘ ਗਿਆਨੀ, ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਡਰੋਲੀ, ਚੌਧਰੀ ਮੁਨੀਮ ਤੇ ਵਰਕਰ ਅਤੇ ਵਾਲਮੀਕਿ ਸਮਾਜ ਦੇ ਨੌਜਵਾਨ ਆਗੂ ਹਾਜ਼ਰ ਰਹੇ।

ਜੇਲ੍ਹ 'ਚ ਬੰਦ ਦੋ ਸੰਸਦ ਮੈਂਬਰਾਂ ਨੂੰ ਬਜਟ ਸੈਸ਼ਨ 'ਚ ਹਿੱਸਾ ਲੈਣ ਲਈ ਲੋੜੀਂਦੀ ਪੈਰੋਲ ਦਿੱਤੀ ਜਾਵੇ : ਲਿਬਰੇਸ਼ਨ

ਮਾਨਸਾ (ਆਤਮਾ ਸਿੰਘ ਪਮਾਰ)-ਸੀ ਪੀ ਆਈ (ਐਮ ਐਲ) ਲਿਬਰੇਸ਼ਨ ਨੇ ਮੰਗ ਕੀਤੀ ਹੈ ਕਿ ਸੰਸਦ ਦੇ ਬਜਟ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਹਲਕਾ ਖਡੂਰ ਸਾਹਿਬ ਤੋਂ ਚੁਣੇ ਗਏ ਐਮ ਪੀ ਅੰਮ੍ਰਿਤ ਪਾਲ ਸਿੰਘ ਅਤੇ ਜੰਮੂ ਕਸ਼ਮੀਰ ਦੇ ਹਲਕਾ ਬਾਰਾਮੂਲਾ ਤੋਂ ਚੁਣੇ ਗਏ ਐਮ ਪੀ ਸ਼ੇਖ ਅਬਦੁਲ ਰਾਸ਼ਿਦ ਨੂੰ ਤੁਰੰਤ ਪੈਰੋਲ ਦਿੱਤੀ ਜਾਣੀ ਚਾਹੀਦੀ ਹੈ। ਪਾਰਟੀ ਦਾ ਕਹਿਣਾ ਹੈ ਕਿ ਚੁਣੇ ਗਏ ਸੰਸਦ ਮੈਂਬਰਾਂ ਨੂੰ ਸੰਸਦ ਦੀ ਕਾਰਵਾਈ ਵਿੱਚ ਵੀ ਹਿੱਸਾ ਨਾ ਲੈਣ ਦੇਣਾ ਮੋਦੀ ਸਰਕਾਰ ਦੀ ਤਾਨਾਸ਼ਾਹੀ ਕਾਰਵਾਈ ਹੈ, ਜੋ ਦੇਸ਼ ਦੇ ਸੰਵਿਧਾਨ, ਲੋਕਤੰਤਰ ਅਤੇ ਸਬੰਧਤ ਹਲਕਿਆਂ ਦੇ ਲੱਖਾਂ ਵੋਟਰਾਂ ਦੇ ਫਤਵੇ ਦਾ ਖੁੱਲ੍ਹਾ ਅਪਮਾਨ ਹੈ।ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ ਅਤੇ ਸੂਬਾਈ ਬੁਲਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਨੇ ਜਾਰੀ ਇਕ ਬਿਆਨ ਵਿੱਚ ਕਿਹਾ ਹੈ ਕਿ ਇੱਕ ਪਾਸੇ ਕਤਲ ਤੇ ਬਲਾਤਕਾਰ ਵਰਗੇ ਘਿਨਾਉਣੇ ਜੁਰਮ ਵਿੱਚ ਡਬਲ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਬੀ ਜੇ ਪੀ ਸਰਕਾਰ ਦੀ 'ਮਿਹਰਬਾਨੀ' ਸਦਕਾ ਵਾਰ ਵਾਰ ਲੰਬੀ ਪੈਰੋਲ ਦਿੱਤੀ ਜਾ ਰਹੀ ਹੈ, ਦੂਜੇ ਪਾਸੇ ਇਨ੍ਹਾਂ ਜੇਤੂ ਸੰਸਦ ਮੈਂਬਰਾਂ ਨੂੰ, ਜਿਨ੍ਹਾਂ ਨੂੰ ਹਾਲੇ ਕਿਸੇ ਅਦਾਲਤ ਵਲੋਂ ਦੋਸ਼ੀ ਵੀ ਨਹੀਂ ਠਹਿਰਾਇਆ ਗਿਆ, ਸੰਸਦ ਮੈਂਬਰਾਂ ਵਜੋਂ ਅਪਣੇ ਹਲਕਿਆਂ ਦੀ ਨੁਮਾਇੰਦਗੀ ਕਰਨੋਂ ਵੀ ਰੋਕਿਆ ਜਾ ਰਿਹਾ ਹੈ। ਸਪੀਕਰ ਲੋਕ ਸਭਾ ਇਨ੍ਹਾਂ ਨੂੰ ਪੈਰੋਲ ਦੇਣ ਲਈ ਕੇਂਦਰ ਸਰਕਾਰ ਨੂੰ ਹਦਾਇਤ ਦੇਣ ਦੀ ਬਜਾਏ, ਉਲਟਾ ਸੰਸਦ ਵਿਚੋਂ ਅੰਮ੍ਰਿਤ ਪਾਲ ਸਿੰਘ ਦੀ ਲਗਾਤਾਰ ਗੈਰਹਾਜ਼ਰੀ ਦੇ ਹਵਾਲੇ ਨਾਲ ਉਸੇ ਨੂੰ ਹੀ ਨੋਟਿਸ ਦੇ ਰਹੇ ਹਨ ਕਿ ਜੇਕਰ ਤੁਸੀਂ ਹਾਲੇ ਵੀ ਗੈਰ ਹਾਜ਼ਰ ਰਹੇ, ਤਾਂ ਕਿਉਂ ਨਾ ਤੁਹਾਡੀ ਚੋਣ ਹੀ ਰੱਦ ਕਰ ਦਿੱਤੀ ਜਾਵੇ। ਇਹ ਕਾਰਵਾਈ ਸਪਸ਼ਟ ਕਰਦੀ ਹੈ ਕਿ ਮੋਦੀ ਸਰਕਾਰ ਧਾਰਮਿਕ ਘੱਟ-ਗਿਣਤੀਆਂ ਨਾਲ ਸਬੰਧਤ ਅਤੇ ਇਨ੍ਹਾਂ ਬੀ ਜੇ ਪੀ ਵਿਰੋਧੀ ਸੰਸਦ ਮੈਂਬਰਾਂ ਨਾਲ ਦੂਜੇ ਦਰਜੇ ਦੇ ਨਾਗਰਿਕਾਂ ਵਾਲਾ ਸਲੂਕ ਕਰ ਰਹੀ ਹੈ ਅਤੇ ਇਨ੍ਹਾਂ ਨੂੰ ਸੰਸਦ 'ਚੋਂ ਬਰਖਾਸਤ ਕਰਨ ਲਈ ਉਤਾਵਲੀ ਹੈ। ਸੀ ਪੀ ਆਈ (ਐਮ ਐਲ) ਲਿਬਰੇਸ਼ਨ ਦਾ ਕਹਿਣਾ ਹੈ ਕਿ ਵੋਟਰਾਂ ਦੇ ਫਤਵੇ ਦਾ ਸਤਿਕਾਰ ਕਰਦਿਆਂ ਅੰਮ੍ਰਿਤ ਪਾਲ ਸਿੰਘ ਅਤੇ ਇੰਜੀਨੀਅਰ ਰਾਸ਼ਿਦ ਨੂੰ ਨਾ ਸਿਰਫ ਸੰਸਦ ਦੇ ਬਜਟ ਇਜਲਾਸ ਵਿੱਚ ਸ਼ਾਮਲ ਹੋਣ ਲਈ ਜੇਲ੍ਹ 'ਚੋਂ ਤੁਰੰਤ ਰਿਹਾਅ ਕੀਤਾ ਜਾਵੇ, ਸਗੋਂ ਉਨ੍ਹਾਂ ਖਿਲਾਫ ਦਰਜ ਕੇਸਾਂ ਵਿੱਚ ਉਨ੍ਹਾਂ ਨੂੰ ਪੱਕੀ ਜ਼ਮਾਨਤ ਵੀ ਦਿੱਤੀ ਜਾਵੇ, ਤਾਂ ਜੋ ਉਹ ਸੰਸਦ ਮੈਂਬਰਾਂ ਵਜੋਂ ਆਪਣੇ ਹਲਕਿਆਂ ਤੇ ਵੋਟਰਾਂ ਪ੍ਰਤੀ ਅਪਣੀਆਂ ਬਣਦੀਆਂ ਜ਼ਿੰਮੇਵਾਰੀਆਂ ਨਿਭਾਅ ਸਕਣ।

ਦਾਨ ਸਿੰਘ ਵਾਲਾ ਦੇ ਮਜ਼ਦੂਰਾਂ ਨੂੰ ਇਨਸਾਫ ਦਿਵਾਉਣ ਲਈ ਐਕਸ਼ਨ ਕਮੇਟੀ ਵੱਲੋਂ ਧਰਨਾ

■ ਅਗਨੀ ਕਾਂਡ ਦੇ ਸਾਜ਼ਿਸ਼-ਘਾੜਿਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ

ਬਠਿੰਡਾ (ਪਰਵਿੰਦਰ ਜੀਤ ਸਿੰਘ, ਬਖਤੌਰ ਢਿੱਲੋਂ)-ਇੱਥੇ ਜਬਰ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਡਿਪਟੀ ਕਮਿਸ਼ਨਰ ਬਠਿੰਡਾ ਦੇ ਦਫਤਰ ਅੱਗੇ ਪਿੰਡ ਦਾਨ ਸਿੰਘ ਵਾਲਾ ਦੇ ਮਜ਼ਦੂਰਾਂ ਨੂੰ 10-10 ਲੱਖ ਰੁਪਏ ਮੁਆਵਜ਼ਾ ਦਿਵਾਉਣ, ਸਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਾਉਣ ਤੇ ਅਗਨੀ ਕਾਂਡ ਦੀ ਜੁਡੀਸ਼ੀਅਲ ਜਾਂਚ ਕਰਵਾ ਕੇ ਇਸ ਕਾਂਡ ਦੇ ਸਾਜ਼ਿਸ਼-ਘਾੜਿਆਂ ਨੂੰ ਇਸ ਕੇਸ ਵਿੱਚ ਸ਼ਾਮਲ ਕਰਵਾ ਕੇ ਗ੍ਰਿਫ਼ਤਾਰ ਕਰਵਾਉਣ ਲਈ ਵਿਸ਼ਾਲ ਧਰਨਾ ਦਿੱਤਾ ਗਿਆ।ਧਰਨੇ ਵਿੱਚ ਸ਼ਾਮਲ ਮਜ਼ਦੂਰਾਂ ਨੂੰ ਸੰਬੋਧਨ ਕਰਦੇ ਹੋਏ ਮਜ਼ਦੂਰ ਕਿਸਾਨ ਆਗੂਆਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਾਨ ਸਿੰਘ ਵਾਲਾ ਵਿੱਚ ਹੋਏ ਜਬਰ ਨੂੰ ਸਿਰਫ ਦੋ ਗਰੁੱਪਾਂ ਦੀ ਆਪਸੀ ਲੜਾਈ ਦਾ ਮੁੱਦਾ ਕਹਿ ਕੇ ਦੋਸ਼ੀਆਂ ਨੂੰ ਬਚਾਉਣ ਦੀ ਕੀਤੀ ਜਾ ਰਹੀ ਬਿਆਨਬਾਜ਼ੀ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਸ ਹਲਕੇ ਦੇ ਸਿਆਸੀ ਨੁਮਾਇੰਦੇ ਤੇ ਜ਼ਿਲ੍ਹਾ ਦਾ ਸਿਵਲ ਤੇ ਪੁਲਸ ਪ੍ਰਸ਼ਾਸਨ ਅਸਲੀਅਤ ਨੂੰ ਜਾਣ ਬੁੱਝ ਕੇ ਛਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਕਿ ਇਸ ਘਟਨਾ ਪਿੱਛੇ ਕੰਮ ਕਰਦੇ ਪਿੰਡ ਦੇ ਨਸ਼ਾ ਵੇਚਣ ਵਾਲਿਆਂ ਦੀ ਪੁਸਤਪਨਾਹੀ ਕਰਨ ਵਾਲੇ ਅਨਸਰਾਂ ਨੂੰ ਬਚਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਅਸਲੀਅਤ ਵਿੱਚ ਹਮਲੇ ਦਾ ਸ਼ਿਕਾਰ ਹੋਣ ਵਾਲੇ ਮਜ਼ਦੂਰ ਪਿੰਡ ਵਿੱਚ ਚਿੱਟੇ ਦਾ ਨਸ਼ਾ ਵੇਚਣ ਦਾ ਵਿਰੋਧ ਕਰ ਰਹੇ ਸਨ।ਇਸ ਰੰਜਿਸ਼ ਕਾਰਨ ਹੀ ਦੋਸ਼ੀਆਂ ਨੇ ਮਜ਼ਦੂਰਾਂ ਦੀ ਆਵਾਜ਼ ਨੂੰ ਬੰਦ ਕਰਨ ਤੇ ਆਪਣੇ ਚਿੱਟੇ ਦੇ ਵਪਾਰ ਨੂੰ ਚਲਾਉਣ ਦੇ ਮਨਸ਼ੇ ਨਾਲ ਇਸ ਘਟਨਾ ਨੂੰ ਅੰਜਾਮ ਦਿੱਤਾ ਗਿਆ।ਜਬਰ ਵਿਰੋਧੀ ਐਕਸ਼ਨ ਕਮੇਟੀ ਨੇ ਉਜੜੇ ਤੇ ਜਬਰ ਦਾ ਸ਼ਿਕਾਰ ਬਣੇ ਮਜ਼ਦੂਰਾਂ ਨੂੰ ਕਿਸ਼ਤਾਂ ਵਿੱਚ ਮਾਮੂਲੀ ਮੁਆਵਜ਼ਾ ਦੇ ਕੇ ਉਨ੍ਹਾਂ ਨੂੰ ਵਰਗਲਾਉਣ ਦੀ ਕੀਤੀ ਜਾ ਕੋਸ਼ਿਸ਼ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਮਜ਼ਦੂਰਾਂ ਨੂੰ 10-10 ਲੱਖ ਰੁਪਏ ਦਾ ਮੁਆਵਜ਼ਾ ਦੇਣ, ਘਰਾਂ ਦਾ ਚੋਰੀ ਹੋਇਆ ਸਾਮਾਨ ਤੇ ਪਸ਼ੂ ਡੰਗਰ ਵਗੈਰਾ ਵਾਪਸ ਕਰਨ, ਇਸ ਕਾਂਡ ਦੀ ਸਾਜ਼ਿਸ਼ ਰਚਣ ਵਾਲੇ ਦੋਸ਼ੀਆਂ ਨੂੰ ਕੇਸ ਵਿੱਚ ਸ਼ਾਮਲ ਕਰਕੇ ਬਣਦੀਆਂ ਧਰਾਵਾਂ ਲਾ ਕੇ ਗ੍ਰਿਫਤਾਰ ਕਰਨ ਦੀ ਮੰਗ ਕੀਤੀ।ਐਕਸ਼ਨ ਕਮੇਟੀ ਨੇ ਐਲਾਨ ਕੀਤਾ ਕਿ ਅਸਲੀ ਦੋਸ਼ੀਆਂ ਨੂੰ ਨਾਮਜ਼ਦ ਕਰਵਾ ਕੇ ਗ੍ਰਿਫਤਾਰ ਕਰਵਾਉਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।ਧਰਨੇ ਨੂੰ ਦਿਹਾਤੀ ਮਜ਼ਦੂਰ ਸਭਾ ਦੇ ਆਗੂ ਪ੍ਰਕਾਸ਼ ਸਿੰਘ ਨੰਦਗੜ੍ਹ, ਮਜ਼ਦੂਰ ਮੁਕਤੀ ਮੋਰਚਾ ਆਇਰਲਾ ਦੇ ਆਗੂ ਗੋਬਿੰਦਸਿੰਘ ਛਾਜਲੀ, ਪੰਜਾਬ ਖੇਤ ਮਜ਼ਦੂਰ ਸਭਾ ਦੀ ਆਗੂ ਦੇਵੀ ਕੁਮਾਰੀ, ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਦੇ ਆਗੂ ਭਗਵੰਤ ਸਿੰਘ ਸਮਾਓਂ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਬਿੱਕਰ ਸਿੰਘ ਦਾਨ ਸਿੰਘ ਵਾਲਾ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਆਗੂ ਬਲਕਰਨ ਸਿੰਘ ਬਰਾੜ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਜ਼ੋਰਾ ਸਿੰਘ ਨਸਰਾਲੀ ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਸੁਖਪਾਲ ਸਿੰਘ ਖਿਆਲੀਵਾਲਾ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਭੂਪ ਚੰਦ ਚੌਨੋ, ਕ੍ਰਾਂਤੀਕਾਰੀ ਪੇਂਡੂ ਦੇ ਆਗੂ ਕੁਲਵੰਤ ਸਿੰਘ ਸੇਲਵਰਹਾ, ਭਾਰਤੀ ਕਿਸਾਨ ਯੂਨੀਅਨ ਮਾਲਵਾ ਦੇ ਆਗੂ ਜਗਜੀਤ ਸਿੰਘ ਕੋਟਸ਼ਮੀਰ, ਮੈਡੀਕਲ ਪ੍ਰੈਕਟੀਸ਼ਨਰ ਯੂਨੀਅਨ ਦੇ ਆਗੂ ਜਗਸੀਰ ਸ਼ਰਮਾ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਬਖਸ਼ੀਸ਼ ਸਿੰਘ ਤੇ ਲਾਲ ਝੰਡਾ ਮਜ਼ਦੂਰ ਯੂਨੀਅਨ ਦੇ ਆਗੂ ਵਿਜੈ ਕੁਮਾਰ ਨੇ ਸੰਬੋਧਨ ਕੀਤਾ।ਰੈਲੀ ਵਿੱਚ ਅੰਮ੍ਰਿਤਸਰ ਵਿੱਚ ਡਾਕਟਰ ਅੰਬੇਡਕਰ ਦੇ ਬੁੱਤ ਨੂੰ ਤੋੜਨ ਦੀ ਘੋਰ ਨਿੰਦਾ ਕਰਦਿਆਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਗਈ।ਐਕਸ਼ਨ ਕਮੇਟੀ ਨੇ ਸੰਘਰਸ਼ ਨੂੰ ਲੋਕਾਂ ਤੱਕ ਲਿਜਾਣ ਲਈ 5 ਫਰਵਰੀ ਨੂੰ ਪਿੰਡਾਂ ਵਿੱਚ ਝੰਡਾ ਮਾਰਚ ਕਰਨ ਦਾ ਐਲਾਨ ਕੀਤਾ ਗਿਆ।

ਕਾਤਰਾਂ

ਗ਼ਜ਼ਲਗੋ ਸ਼ਮੀਮ ਪਾਇਲਵੀ ਸਦੀਵੀ ਵਿਛੋੜਾ ਦੇ ਗਏ

ਦੋਰਾਹਾ (ਹਰਮਿੰਦਰ ਸੇਠ)-ਪੰਜਾਬੀ ਸ਼ਾਇਰ ਸ਼ਮੀਮ ਪਾਇਲਵੀ 73 ਸਾਲ ਦੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਏ।ਕਹਾਣੀਕਾਰ ਸੁਰਿੰਦਰ ਰਾਮਪੁਰੀ ਨੇ ਇਹ ਸੂਚਨਾ ਦਿੰਦਿਆਂ ਦੱਸਿਆ ਕਿ ਉਹ ਪਿਛਲੇ ਦੋ ਸਾਲ ਤੋਂ ਗੁਰਦਿਆਂ ਦੀ ਗੰਭੀਰ ਬੀਮਾਰੀ ਤੋਂ ਪੀੜਤ ਸਨ।ਉਹ ਆਪਣੇ ਪਿੱਛੇ ਪਤਨੀ, ਚਾਰ ਧੀਆਂ ਤੇ ਇਕ ਪੁੱਤਰ ਛੱਡ ਗਏ ਹਨ।ਉਹ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੇ ਨਾਲ-ਨਾਲ ਸਾਹਿਤ ਸਭਾ ਪਾਇਲ ਤੇ ਖੰਨਾ ਨਾਲ ਵੀ ਜੁੜੇ ਰਹੇ।ਸ਼ਮੀਮ ਪਾਇਲਵੀ ਦੇ ਬੇਟੇ ਸਾਹਿਲ ਨੇ ਦੱਸਿਆ ਕਿ ਉਨ੍ਹਾਂ ਨਮਿਤ ਅੰਤਿਮ ਅਰਦਾਸ ਭੋਲ਼ੇ ਮੰਦਰ, ਵਾਰਡ ਨੰਬਰ 4 ਪਾਇਲ ਵਿਖੇ ਹੋਵੇਗੀ।ਪੰਜਾਬੀ ਲਿਖਾਰੀ ਸਭਾ ਰਾਮਪੁਰ ਦੇ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ, ਜਨਰਲ ਸਕੱਤਰ ਬਲਵੰਤ ਮਾਂਗਟ, ਸਾਹਿਤ ਸਭਾ ਖੰਨਾ ਦੇ ਪ੍ਰਧਾਨ ਪਰਮਜੀਤ ਧੀਮਾਨ, ਜਨਰਲ ਸਕੱਤਰ ਗੁਰੀ ਤਰਮੁਰੀ, ਸਾਹਿਤ ਸਭਾ ਸ਼੍ਰੀ ਭੈਣੀ ਸਾਹਿਬ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ, ਕਹਾਣੀਕਾਰ ਮੁਖਤਿਆਰ ਸਿੰਘ, ਗੁਰਦਿਆਲ ਦਲਾਲ, ਤੇਲੂ ਰਾਮ ਕੁਹਾੜਾ, ਬਲਦੇਵ ਝੱਜ, ਜਸਵੀਰ ਝੱਜ, ਹਰਪ੍ਰੀਤ ਸਿਹੋੜਾ ਤੇ ਜੋਗ

29 - January - Page - 6.qxd 1/28/2025 10:58 PM Page 1

ਮਸ਼ਹੂਰ ਤਬਲਾ ਵਾਦਕ ਮਨਜਿੰਦਰ ਸਿੰਘ

ਪੰਜਾਬੀ ਸੰਗੀਤ ਸਾਰੀ ਦੁਨੀਆ ਵਿੱਚ ਮਸ਼ਹੂਰ ਹੈ। ਹਰ ਇੱਕ ਸਾਜ਼ ਦੀ ਆਪਣੀ ਵੱਖਰੀ ਪਛਾਣ ਹੈ। ਅੱਜ ਗੱਲ ਕਰ ਰਹੇ ਹਨ ਮਸ਼ਹੂਰ ਤਬਲਾ ਵਾਦਕ ਮਨਜਿੰਦਰ ਸਿੰਘ। ਮਨਜਿੰਦਰ ਸਿੰਘ ਕਿਸੇ ਜਾਣ ਪਛਾਣ ਦਾ ਮੁਹਤਾਜ ਨਹੀਂ। ਅਕਸਰ ਹੀ ਪੰਜਾਬੀ ਕਲਾਕਾਰਾਂ ਨਾਲ ਸਟੇਜਾਂ 'ਤੇ ਦੇਖਿਆ ਜਾਂਦਾ ਹੈ। ਮਨਜਿੰਦਰ ਸਿੰਘ ਦਾ ਜਨਮ 21-06-1998 ਪਿੰਡ ਚੱਪਾ ਅੜਿਕੀ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਮਾਤਾ ਚਰਨਜੀਤ ਕੌਰ ਦੀ ਕੁੱਖੋਂ ਪਿਤਾ ਪਰਮਜੀਤ ਦੇ ਘਰ ਹੋਇਆ।ਮਨਜਿੰਦਰ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ ਮੈਂ ਆਪਣੀ ਮੈਟ੍ਰਿਕ ਦੀ ਪੜ੍ਹਾਈ ਗੁਰੂ ਹਰ ਸਹਾਏ ਸੀਨੀਅਰ ਸੈਕੰਡਰੀ ਸਕੂਲ ਤੋਂ ਪ੍ਰਾਪਤ ਕੀਤੀ। ਮੈਨੂੰ ਸੰਗੀਤ ਦਾ ਮਾਹੌਲ ਘਰ ਵਿੱਚੋਂ ਹੀ ਮਿਲਿਆ। ਮੇਰੇ ਪਿਤਾ ਜੀ ਪਰਮਜੀਤ ਪੰਮਾ ਕਈ ਸਾਜ਼ ਵਜਾ ਲੈਂਦੇ ਹਨ। ਪਰ ਸਾਜ਼ ਬੈਂਜੋ ਉਹਨਾਂ ਦਾ ਮਨਪਸੰਦ ਸਾਜ਼ ਹੈ। ਮੈਂ ਉਸਤਾਦ ਅਬਦੁਲ ਖਾਨ ਤੋਂ ਬਕਾਇਦਾ ਤਬਲਾ ਵਜਾਉਣਾ ਸਿੱਖਿਆ।ਅੱਜ ਮਨਜਿੰਦਰ ਨੂੰ ਕਈ ਨਾਮਵਰ ਕਲਾਕਾਰਾਂ ਪ੍ਰਤਾਪ ਰਾਣਾ, ਜਸਵੀਰ ਜੱਸਾ, ਰੂਪ ਨੱਥੂਵਾਲੀਆ, ਸੁਰਿੰਦਰ ਲਾਡੀ ਆਦਿ ਨਾਲ ਆਮ ਹੀ ਸਟੇਜਾਂ 'ਤੇ ਦੇਖਿਆ ਜਾਂਦਾ ਹੈ। ਅਸੀਂ ਪ੍ਰਮਾਤਮਾਂ ਅੱਗੇ ਅਰਦਾਸ ਕਰਦੇ ਹਾਂ ਕਿ ਮਨਜਿੰਦਰ ਸਿੰਘ ਹੋਰ ਤਰੱਕੀ ਕਰੇ।

-ਅਵਤਾਰ ਕਲੇਰ

ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਸਨਮਾਨਿਤ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿਖੇ 76ਵਾਂ ਗਣਤੰਤਰ ਦਿਵਸ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਰਾਜਪਾਲ ਸਿੰਘ ਸੋਖੋਂ ਪੀਸੀਐੱਸ ਐੱਸਡੀਐੱਮ ਡੇਰਾ ਬਾਬਾ ਨਾਨਕ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜਿਨ੍ਹਾਂ ਨੇ ਕੌਮੀ ਝੰਡਾ ਲਹਿਰਾਇਆ ਤੇ ਪਰੇਡ ਤੋਂ ਸਲਾਮੀ ਲਈ ਗਈ।ਇਸ ਮੌਕੇ ਸਮਾਗਮ ਦੌਰਾਨ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤ, ਕੋਰੀਓਗ੍ਰਾਫੀ, ਗਿੱਧਾ, ਭੰਗੜਾ, ਡਾਂਡੀਆ ਡਾਂਸ ਆਦਿ ਪੇਸ਼ ਕੀਤਾ ਗਿਆ ਜਿਸ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਡੇਰਾ ਬਾਬਾ ਨਾਨਕ ਦੀਆ ਲੜਕੀਆ ਵੱਲੋਂ ਮਾਰਚ ਪਾਸਟ ਵਿੱਚ ਹਿੱਸਾ ਲਿਆ ਗਿਆ ਅਤੇ ਗਿੱਧੇ ਦੀ ਪੇਸ਼ਕਾਰੀ ਵੀ ਕੀਤੀ ਗਈ। ਅੱਵਲ ਰਹਿਣ 'ਤੇ ਵਿਦਿਆਰਥਣਾਂ ਅਤੇ ਸਕੂਲ ਦੇ ਪ੍ਰਿੰਸੀਪਲ ਰੁਪਿੰਦਰਜੀਤ ਧਾਲੀਵਾਲ ਨੂੰ ਸਮੇਤ ਸਕੂਲ ਸਟਾਫ ਐੱਸਡੀਐੱਮ ਰਾਜਪਾਲ ਸਿੰਘ ਸੋਖੋਂ, ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਡੀਐੱਸਪੀ ਰਿਪੁਦਮਨ ਸਿੰਘ ਅਤੇ ਨਾਇਬ ਤਹਿਸੀਲਦਾਰ ਅਰਮਾਨਦੀਪ ਸਿੰਘ ਡੇਰਾ ਬਾਬਾ ਨਾਨਕ ਵੱਲੋਂ ਸਨਮਾਨ ਚਿੰਨ੍ਹ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐੱਸਐੱਮਓ ਡਾ. ਹਰਪਾਲ ਸਿੰਘ, ਗੀਡਰ ਸਰਬਜੀਤ ਸਿੰਘ, ਆਰ. ਸੀ. ਪਰਮਜੀਤ ਸਿੰਘ, ਮਾਸਟਰ ਪਲਵਿੰਦਰ ਸਿੰਘ ਰੰਧਾਵਾ, ਮੈਡਮ ਗੁਰਮੀਤ ਕੌਰ, ਸੁਖਜਿੰਦਰ ਕੌਰ ਬਾਜਵਾ, ਅਮਨਪ੍ਰੀਤ ਕੌਰ, ਦਵਿੰਦਰ ਕੌਰ, ਸੰਤੋਸ਼ ਕੁਮਾਰੀ, ਜਸਪ੍ਰੀਤ ਕੌਰ, ਲੀਨਾ ਮਹਾਜਨ, ਰਜਵੰਤ ਕੌਰ, ਅਪਰਅਪਾਰ ਸਿੰਘ, ਲਖਵਿੰਦਰ ਸਿੰਘ, ਗੌਰਵ ਸ਼ਰਮਾ, ਅਨਾਮਿਕਾ, ਪੂਜਾ, ਮੈਡਮ ਗਗਨਦੀਪ ਸ਼ਰਮਾ, ਮਮਤਾ ਦੇਵੀ, ਨੀਤੂ ਬਾਲਾ, ਅੰਨਿਕਾ, ਨਰਿੰਦਰ ਸਿੰਘ, ਜਸਵਿੰਦਰ ਸਿੰਘ, ਸਿਕੰਦਰ ਸਿੰਘ, ਅਵਤਾਰ ਸਿੰਘ ਆਦਿ ਹਾਜ਼ਰ ਸਨ।

ਜਸਬੀਰ ਸਿੰਘ ਝਬਾਲ ਵੱਲੋਂ ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦੀ ਨਿਖੇਧੀ

ਝਬਾਲ (ਹਰਜਿੰਦਰ ਸਿੰਘ ਸੋਨੀ)-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਰਾਮ ਸਿੰਘ ਨੂਰਪੁਰੀ, ਜਨਰਲ ਸਕੱਤਰ ਗੁਰਮੇਸ਼ ਸਿੰਘ ਅਤੇ ਸਕੱਤਰ ਜਸਬੀਰ ਸਿੰਘ ਝਬਾਲ ਨੇ ਇੱਕ ਸਾਂਝੇ ਪ੍ਰੈੱਸ ਬਿਆਨ ਰਾਹੀਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਦੇ ਅੰਮ੍ਰਿਤਸਰ ਚੌਕ ਵਿੱਚ ਲੱਗੇ ਬੁੱਤ ਦੀ ਭੰਨਤੋੜ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕੀਤੀ।ਡਾਕਟਰ ਅੰਬੇਡਕਰ ਦਲਿਤ ਸਮਾਜ ਅਤੇ ਭਾਰਤ ਦੇ ਦਲਿਤਾਂ ਵੱਲੋਂ ਬਾਬਾ ਸਾਹਿਬ ਕਰਕੇ ਜਾਣੇ ਜਾਂਦੇ ਮਰਹੂਮ ਆਗੂ ਸਨ ਜਿਨ੍ਹਾਂ ਦੇ ਬੁੱਤ 'ਤੇ ਹੋਏ ਹਮਲੇ ਨੇ ਭਾਰਤ ਅੰਦਰ ਰਹਿੰਦੇ ਦਲਿਤ ਲੋਕਾਂ ਦੇ ਹਿਰਦੇ ਨੂੰ ਝੰਜੋੜਿਆ ਹੈ ਜੋ ਸਾਡੇ ਸਮਾਜ ਲਈ ਇਕ ਮੰਦਭਾਗੀ ਘਟਨਾ ਹੈ।ਇਸ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਉਹ ਥੋੜ੍ਹੀ ਹੈ ਕਿਉਂਕਿ ਕੱਲ ਹੀ ਅੰਮ੍ਰਿਤਸਰ ਸ਼ਹਿਰ ਵਿੱਚ ਰੋਸ ਵਜੋਂ ਬੰਦ ਰਿਹਾ।ਸਾਰੇ ਸਾਥੀਆਂ ਨੇ ਪੰਜਾਬ ਸਰਕਾਰ ਕੋਲੋਂ ਫੜੇ ਦੋਸ਼ੀ ਦੀ ਜਾਂਚ ਸੀਬੀਆਈ ਤੋਂ ਕਰਾਉਣ ਦੀ ਮੰਗ ਕੀਤੀ ਅਤੇ ਇਸ ਸਾਜ਼ਿਸ਼ ਪਿੱਛੇ ਲੁਕਵੇਂ ਚਿਹਰਿਆਂ ਨੂੰ ਨੰਗਾ ਕਰਨ ਦੀ ਮੰਗ ਕੀਤੀ ਅਤੇ ਦੋਸ਼ੀ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕੀਤੀ ਗਈ।

ਆਮ ਸੂਚਨਾ

ਹਰ ਇੱਕ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਘੋੜੇਨਾਥ ਵਿਖੇ ਮਿਤੀ 4 ਫਰਵਰੀ 2025 ਨੂੰ ਸਵੇਰੇ 11 ਵਜੇ ਧਾਨਕ ਧਰਮਸ਼ਾਲਾ ਵਿੱਚ 20 ਗਾਡਰ, 2 ਦਰਵਾਜੇ, 2 ਵਿੰਡੋ ਸਮੇਤ ਤਾਕੀ, 3 ਰੋਸ਼ਨਦਾਨ ਦੀ ਨਿਲਾਮੀ ਕੀਤੀ ਜਾਣੀ ਹੈ। ਸੋ ਸਮੇਂ ਸਿਰ ਪਹੁੰਚ ਕੇ ਲਾਭ ਉਠਾਓ ।

ਸਰਪੰਚ ਲਖਵੀਰ ਸਿੰਘ ਪੂਨੀਆ — ਰਾਮਪਾਲ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਲਹਿਰਾਗਾਗਾ

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅਵੱਲ/ਦੋਮ ਦਸੂਹਾ
Mail Id: tehsildasuya@gmail.com
ਦਰੁਸਤੀ ਗਿਰਦਾਵਰੀ ਕੇਸ
ਵਾਕਿਆ ਰਕਬਾ ਪਿੰਡ ਦਸੂਹਾ/128, ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ।
ਧਿਰਾਂ :- ਕੁਮਾਰ ਸੈਣੀ ਬਨਾਮ ਕੁੰਦਨ ਕੌਰ ਵਗੈਰਾ

ਉਪਰੋਕਤ ਮੁਕੱਦਮੇ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਇਤਲਾਹ ਸਾਧਾਰਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਉੱਤਰਵਾਦੀਆਂ ਨੂੰ ਅਖਬਾਰ ਨੋਟਿਸ/ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 30.01.2025 ਨੂੰ ਬਾਅਦ ਦੁਪਹਿਰ 3:00 ਵਜੇ ਅਸਾਲਤਨ ਜਾਂ ਵਕਾਲਤਨ ਕੇਸ ਦੀ ਪੈਰਵੀ ਲਈ ਇਸ ਅਦਾਲਤ ਵਿਚ ਹਾਜ਼ਰ ਹੋਣ। ਹਾਜ਼ਰ ਨਾ ਆਉਣ ਦੀ ਸੂਰਤ ਵਿਚ ਇਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ ਅਤੇ ਬਾਅਦ ਵਿਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

ਅੱਜ ਮਿਤੀ 24.1.2025 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ/ਦੋਮ, ਦਸੂਹਾ।

ਨੰਬਰ 1374/ਰੀਡਰ-1 ਮਿਤੀ : 24.01.25

ਉੱਤਰਵਾਦੀ ਧਿਰਾਂ ਦਾ ਨਾਂਅ : 1. ਕੁੰਦਨ ਕੌਰ ਵਿਧਵਾ ਬਸੰਤ ਰਾਮ ਪੁੱਤਰ ਨੱਥੂ ਰਾਮ, 2. ਜਗਦੀਸ਼ ਮਿੱਤਰ, 3. ਸੁਦਰਸ਼ਨ ਕੁਮਾਰ, 4. ਮਨੋਹਰ ਲਾਲ ਪੁੱਤਰਾਨ ਬਸੰਤ ਰਾਮ, 5. ਸ਼ੀਲਾ ਦੇਵੀ, 6. ਸਕੁੰਤਲਾ ਦੇਵੀ, 7. ਬਿਮਲਾ ਦੇਵੀ, 8. ਸੋਤੇਸ਼ ਕੁਮਾਰੀ ਪੁੱਤਰੀਆਨ ਬਸੰਤ ਰਾਮ, 9. ਤਰਸੇਮ ਲਾਲ ਪੁੱਤਰ ਚਰਨ ਦਾਸ, 10. ਮਾਲਕਾਨ ਕਬਜ਼ਾ ਜਸਵੰਤੀ ਦੇਵੀ ਪੁੱਤਰੀ ਮੁਨਸ਼ੀ ਰਾਮ, 11. ਰਾਜ ਕੁਮਾਰ ਪੁੱਤਰ ਕਿਸ਼ਨ ਲਾਲ, 13 ਰਮਾ ਰਾਣੀ ਪੁੱਤਰੀ ਕਿਸ਼ਨ ਲਾਲ, 14. ਪ੍ਰੇਮ ਲਤਾ ਵਿਧਵਾ ਕਿਸ਼ਨ ਲਾਲ ਪੁੱਤਰ ਮੁਨਸ਼ੀ ਰਾਮ, 15. ਦਵਿੰਦਰ ਕੁਮਾਰ ਪੁੱਤਰ ਕਿਸ਼ਨ ਲਾਲ, 16. ਭਾਰਤ ਭੂਸ਼ਨ ਪੁੱਤਰ ਕਿਸ਼ਨ ਲਾਲ, 17. ਕਮਲੇਸ਼ ਰਾਣੀ ਪੁੱਤਰੀ ਕਿਸ਼ਨ ਲਾਲ ਪੁੱਤਰੀ ਮੁਨਸ਼ੀ ਰਾਮ ਸਾਰੇ ਵਾਸੀਆਨ ਪਿੰਡ ਤੇ ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ।

ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਉਪ ਮੁੱਖ ਇੰਜੀਨੀਅਰ/ਪੁਲ/ਕਾਰਜਸ਼ਾਲਾ, ਉਤਰ ਰੇਲਵੇ, ਜਲੰਧਰ ਛਾਉਣੀ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਓਪਨ ਈ-ਟੈਂਡਰ ਨੂੰ ਏਕਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

ਨਿਵਿਦਾ ਨੰ. :	OT-02-JRC-2025		
ਕੰਮ ਦਾ ਵੇਰਵਾ	SSE/BWS/JRC ਦੇ ਤਹਿਤ ਕੱਚੇ ਸਟੀਲ/ ਫੈਬ੍ਰਿਕੇਟੇਡ ਸਟੀਲ ਸਮਗਰੀ ਦਾ ਕਿਸੇ ਵੀ ਸਟੇਸ਼ਨ ਤੋਂ ਕਿਸੇ ਵੀ ਸਟੇਸ਼ਨ ਤਕ ਕਦ ਅਤੇ ਕਿਥੇ ਜਰੂਰਤ ਅਨੁਸਾਰ ਪਰਿਵਹਨ।		
ਅੰਦਾਜਨ ਲਾਗਤ (₹)	₹1,76,75,386.31	ਬਿਆਨਾ ਰਾਸ਼ੀ (₹)	₹2,38,400/-
ਖੁਲਣ ਦੀ ਮਿਤੀ	17.02.2025	ਨਿਵਿਦਾ ਫਾਰਮ ਦੀ ਲਾਗਤ (₹)	0.00
IREPS 'ਤੇ ਬੋਲੀ ਲਗਾਉਣ ਦੀ ਮਿਤੀ	03.02.2025 ਤੋਂ 17.02.2025		
ਕੰਮ ਸਮਾਪਤੀ ਦਾ ਸਮਾਂ	24 ਮਹੀਨੇ		
ਨਿਵਿਦਾ ਪੇਸ਼ ਕਰਨ ਅਤੇ ਟੈਂਡਰ ਖੁਲਣ ਦੇ ਲਈ ਮਿਤੀ ਅਤੇ ਸਮਾਂ।	ਹਰੇਕ ਦੇ ਖਿਲਾਫ ਦਿਖਾਈਆਂ ਗਈਆਂ ਮਿਤੀਆਂ ਤੇ 15:00 ਵਜੇ ਤਕ ਅਤੇ ਉਸੇ ਸਮੇਂ 15:00 ਵਜੇ ਦੇ ਬਾਅਦ।		
ਵੈਬਸਾਈਟ ਵੇਰਵਾ ਜਿਥੋਂ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ ਅਤੇ ਡਾਊਨਲੋਡ ਕੀਤਾ ਜਾ ਸਕਦਾ ਹੈ:	ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਵੈਬ ਸਾਈਟ www.nr.indianrailways.gov.in ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ www.ireps.gov.in ਤੇ ਉਪਲਬਧ ਹੈ।		

ਨੰ.:80-W/30/Bridges/Invitation ਤਾਰੀਕ : 25.01.2025 — 290/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

COURT NOTICE

(U/o 5 Rule 20 CPC)
In The Court of
Hasan Deep Singh Bajwa
Additional Civil Judge, (Senior Division), Kharar
CNR No. PBSAA0-000873-2023
Next Date : 30.04.2025
CS/680/2023
Bank of India
Vs
Dilbag Singh and others
Publication Issued To:
Gurmeet Singh S/o Ujagar Singh : Village Lullon, Tehsil Bassi Pathana, Distt. Fatehgarh Sahib.

In above titled case, the defendant(s)/ respondent (s) could not be served. It is ordered that defendant(s)/ respondant(s) should appear in person or through counsel on 30.04.2025 at 10:00 A.M.

For details logon to https://highcourtchd.gov.in/?trs=district_notice&district=SAS Nagar

Additional Civil Judge, (Senior Division), Kharar
Dated this day of 23-01-2025

COURT NOTICE

In The Court of
Ms. Rajni Chhokra
Principal Judge, Family Court, Tarn Taran
CNR No. PBTT01-003092-2024
Next Date : 15.02.2025
Seema Kaur
Vs
Darshan Singh
Publication Issued To:
Darshan Singh

Father : Billu Singh R/o In the House of Baghel Singh,Kot Isshe Khan, Data Road, Near Karyana Shop of Tarsem Singh, District Moga.

In above titled case, the accused could not be served. It is ordered that accused should appear in person or through counsel on 15.02.2025 at 10:00 a.m.

For details logon to https://highcourtchd.gov.in/?trs=district_notice&district=Tarn Taran

Principal Judge, Family Court, Tarn Taran
Dated this day of 23-01-2025

COURT NOTICE

(U/o 5 Rule 20 CPC)
In The Court of
Sh. Amandeep Singh
Civil Judge, (Senior Division)
Tarn Taran
Next Date, Purpose of Case, Orders and Judgments as well as other case information is available on http://districts.ecourts.gov.in
CNR No. PBTT02-000674-2024
Next Date : 12.03.2025
Amandeep Kaur
Vs
General Public
Publication Issued To:
General Public
: Tarn Taran

In above titled case, the defendant(s)/ respondent(s) could not be served. It is ordered that defendant(s)/ respondant(s) should appear in person or through counsel on 12.03.2025 at 10:00 A.M.

For details logon to https://highcourtchd.gov.in/?trs=district_notice&district=Tarn Taran

Civil Judge, (Senior Division)
Tarn Taran
Dated this day of 21-01-2025

ਬੇਦਖਲੀ ਨੋਟਿਸ

ਮੈਂ ਭੁਪਿੰਦਰ ਸਿੰਘ ਅਪਰਾ ਪੁੱਤਰ ਸ਼੍ਰੀ ਅਮਰਜੀਤ ਸਿੰਘ ਵਾਸੀ 330-ਐੱਚ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ ਲੁਧਿਆਣਾ ਬਿਆਨ ਕਰਦਾ ਹਨ ਕਿ ਮੇਰੀ ਪਤਨੀ ਮਨਜਿੰਦਰ ਕੌਰ ਅਪਰਾ (ਗੀਤੂ), ਪੁੱਤਰ ਅਮਿਤੋਜ ਸਿੰਘ ਅਪਰਾ (ਰੇਨੇ) ਅਤੇ ਪੁੱਤਰੀ ਅਨੁਰੀਤ ਕੌਰ ਅਪਰਾ (ਵਾਨੀ) ਮੇਰੇ ਕਹਿਣੇ ਵਿਚ ਨਹੀਂ ਹੁਣ ਤੇ ਮੇਰੇ ਨਾਲੋਂ ਸੰਬੰਧ ਤੋੜ ਚੁੱਕੇ ਹਨ। ਪਿਛਲੇ ਲੱਗਭਗ 2 ਸਾਲ ਤੋਂ ਮੇਰਾ ਉਨ੍ਹਾਂ ਨਾਲ ਕੋਈ ਸੰਪਰਕ ਨਹੀਂ ਹੈ ਤੇ ਨਾ ਹੀ ਮੈਨੂੰ ਇਹ ਪਤਾ ਹੈ ਕਿ ਉਹ ਤਿੰਨੋਂ ਇਸ ਵਕਤ ਕਿੱਥੇ ਰਹਿ ਰਹੇ ਹਨ। ਮੈਂ ਡਾਇਬੀਟੀਜ਼, ਹਾਈ ਬਲੱਡ ਪਰੈਸ਼ਰ ਅਤੇ ਡਿਪਰੈੱਸ਼ਨ ਦਾ ਮਰੀਜ਼ ਹਾਂ। ਮੇਰਾ ਇਲਾਜ ਚੱਲ ਰਿਹਾ ਪਰ ਉਨ੍ਹਾਂ ਨੇ ਕਦੀ ਮੇਰਾ ਹਾਲ ਚਾਲ ਤੱਕ ਨਹੀਂ ਪੁੱਛਿਆ। ਉਨ੍ਹਾਂ ਵਿੱਚੋਂ ਮੇਰੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਹੈ। ਅਜਿਹੇ ਹਾਲਾਤ ਵਿੱਚ ਮੈਂ ਉਨ੍ਹਾਂ ਤਿੰਨਾਂ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ ਤੇ ਉਨ੍ਹਾਂ ਨਾਲ ਆਪਣੇ ਸੰਬੰਧ ਖਤਮ ਕਰਦਾ ਹਾਂ। ਅੱਜ ਤੋਂ ਬਾਅਦ ਜੇ ਕੋਈ ਉਨ੍ਹਾਂ ਤਿੰਨਾਂ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਦਾ ਹੈ ਤਾਂ ਉਹ ਇਸਦਾ ਖੁਦ ਜਿੰਮੇਵਾਰ ਹੋਵੇਗਾ।

COURT NOTICE

(U/o 5 Rule 20 CPC)
In The Court of
Sh. Amandeep Singh
Civil Judge, (Senior Division)
Tarn Taran
Next Date, Purpose of Case, Orders and Judgments as well as other case information is available on http://districts.ecourts.gov.in
CNR No. PBTT02-000501-2024
Next Date : 05.03.2025
Punjab National Bank
Vs
Himmatbir Singh
Publication Issued To :
Himmatbir Singh @ Himmatbir Singh Dhillon

Father : Balbir Singh R/o Village Thatha,Tehsil and Ditt. Tarn Taran

In above titled case, the defendant(s)/ respondent(s) could not be served. It is ordered that defendant(s)/ respondant(s) should appear in person or through counsel on 05.03.2025 at 10:00 A.M.

For details logon to https://highcourtchd.gov.in/?trs=district_notice&district=Tarn Taran

Civil Judge, (Senior Division)
Tarn Taran
Dated this day of 24-01-2025

COURT NOTICE

(U/o 5 Rule 20 CPC)
In The Court of
Garima Gupta
Civil Judge (Junior Division), Amritsar
CNR No. PBAS02-004303-2023
Next Date :- 05-04-2025
CM/568/2023
Dhir Singh S/o Piara Singh R/o Village Roranwala Kalan, Sub Tehsil Attari, District Amritsar
Vs.
Jaswinder Pal Singh & others
Publication Issued To:

3. Gujjar Singh, 4. (III) Laxmi Daughter of Amrik Singh both residents of Village Roranwala Kalan, Sub Tehsil Attari, Distt. Amritsar.

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 05.04.2025 at 10:00 A.M.

For details logon to https://highcourtchd.gov.in/?trs=district_notice&district= Amritsar

Civil Judge (Junior Division), Amritsar
Dated this day of 23-01-2025

ਕਲਾਸੀਫਾਈਡ ਇਸ਼ਤਿਹਾਰ

Change of Name

I, Satwinder Singh s/o Massa Singh R/o H.No.71, Mehar Enclave, Near Kuki Dhab Chowk, Distt. Jalandhar, Punjab have changed my name from Satwinder Singh to Singh Satwinder. (Surname as Singh). (B)

I Avinder Singh S/o Pritam Singh Resident Village Thatta Nawan Tehsil Sultanpur Lodhi, District kapurthala, Punjab, I have changed my name Davinder Singh to Avinder Singh.

I,Amandeep Singh S/O Karam Singh R/O Nawe Nag, PO Nag Kalan, Amritsar Punjab have changed my name from Amandeep Singh to Amandeep as my Given name and Singh as my Surname. Concerned note.

I, Paramjit Kaur W/O Harjeet Singh R/O H.No. 213, Darshan Avenue, Sultanwind Pind, Amritsar, Punjab have changed my name from Paramjit Kaur to Parmjit Kaur. Concerned note.

I, Bhavna Vadehra W/O Kapil Grover R/O A-25, Ranjit Avenue, Amritsar, Punjab have changed my name from Bhavna Vadehra to Bhavna Grover. Concerned note.

I, Bhawna Grover W/O Kapil Grover R/O A-25, Ranjit Avenue, Amritsar, Punjab have changed my name from Bhawna Grover to Bhavna Grover. Concerned note.

I, Swarn Singh S/O Joginder Singh R/O H.No .84, Near Food Corporation of India, Rani Ka Bagh, Amritsar, Punjab have changed my name from Swarn Singh to Sawaran Singh. Concerned note.

I, Amarjit Kaur W/O Sawaran Singh R/O H.No. 84, Rani Ka Bagh, Amritsar, Punjab have changed my name from Amarjit Kaur to Amarjeet Kaur. Concerned note.

I, Manjit Singh S/o Tirath Singh R/o VPO Daffar, Tehsil Dasuya, Distt. Hoshiarpur, Punjab declare that I have changed my name from Manjit Singh Sidhu to Manjit Singh. All concerned note. (Dogra)

I, Kashori Lal Sharma S/o Des Raj R/o Ward No. 2, Teh. Ajnala, Distt. Amritsar, Punjab have changed my name from Kashori Lal Sharma to Kishori Lal Sharma. Concerned please note. (B)

I, Sarbjeet Kaur W/o Rajwinder Singh R/o Vill. Bhatnura Kalan, P.O. Bhatnura Lubana Distt. Kapurthala, (Pb.) have Changed my name Sarbjeet Kaur to Kaur Sarbjeet. All Concerned please note.

I, Jatinder Pal Singh Arora S/O Tejinder Singh R/O H.No. 3, Near Kapoor Mill, Old Jail Road, Amritsar, Punjab have changed my name from Jatinder Pal Singh Arora to Jatinder Pal Singh. Concerned note.

I,Sandeep Sharma S/O Dwarka Dass R/O H.No.165,Gali no.7,Sunder Nagar, Amritsar, Punjab 143001 have changed my minor daughter's name from Ishita to Ishita Sharma. Concerned note.

I,Sandeep Sharma S/O Dwarka Dass R/O H.No.165, Gali no.7,Sunder Nagar, Amritsar, Punjab 143001 have changed my minor daughter's name from Arshiya to Arshiya Sharma. Concerned note.

I, hitherto known as Rajnish Kumar S/O Surjit Singh ,R/o Agampur, Tehsil Anandpur Sahib, Aggampur,Rupnagar,,Punjab

29-JAN-PAGE-7.qxd 1/28/2025 10:47 PM Page 1

ਸ਼ਹੀਦ ਬਾਬਾ ਦੀਪ ਸਿੰਘ ਦਾ ਪ੍ਰਕਾਸ਼ ਦਿਹਾੜਾ ਮਨਾਇਆ

ਮਾਛੀਵਾੜਾ ਸਾਹਿਬ (ਸ਼ੋਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਦੇ ਸੁੰਦਰ ਨਗਰ ਵਿਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਦਾ ਪ੍ਰਕਾਸ਼ ਦਿਹਾੜਾ ਬਾਬਾ ਤਰਲੋਚਨ ਸਿੰਘ ਦੀ ਅਗਵਾਈ ਵਿਚ ਮਨਾਇਆ ਗਿਆ ਜਿਸ ਵਿਚ ਇਲਾਕੇ ਦੀਆਂ ਸੰਗਤਾਂ ਨੇ ਭਾਗ ਲੈ ਕੇ ਗੁਰੂ ਜਸ ਸੁਣਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਢਾਡੀ ਗੁਰਨਾਮ ਸਿੰਘ ਗਾਮੀ ਰਟੈਂਡਾ ਵਾਲਿਆਂ ਦੇ ਜਥੇ ਨੇ ਬਾਬਾ ਦੀਪ ਸਿੰਘ ਜੀ ਦੇ ਜੀਵਨ ਨਾਲ ਸਬੰਧਤ ਜੋਸ਼ੀਲੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਸਰਵਣ ਸਿੰਘ ਰਸਾਲਦਾਰ ਮੁੱਖ ਸੇਵਾਦਾਰ ਗੁਰਦੁਆਰਾ ਕ੍ਰਿਪਾਨ ਭੇਟ ਸਾਹਿਬ, ਜਥੇਦਾਰ ਸੁਰਜੀਤ ਸਿੰਘ ਸੂਰਾਪੁਰ, ਮੈਨੇਜਰ ਜਸਵੀਰ ਸਿੰਘ ਮੰਗਲੀ, ਕਥਾਵਾਚਕ ਇਕਨਾਮ ਸਿੰਘ, ਹਰਬੰਸ ਸਿੰਘ, ਸਰਬਜੀਤ ਸਿੰਘ, ਰਵਿੰਦਰ ਸਿੰਘ, ਇੰਦਰਜੀਤ ਸਿੰਘ, ਗੁਰਜੀਤ ਸਿੰਘ ਮਾਂਗਟ, ਲਖਵੀਰ ਸਿੰਘ ਔਜਲਾ, ਪਰਮਜੀਤ ਸਿੰਘ, ਕੁਲਦੀਪ ਸਿੰਘ, ਹਰਦੀਪ ਸਿੰਘ, ਜਸਪਿੰਦਰ ਸਿੰਘ ਸਪੋਨ, ਪਰਗਟ ਸਿੰਘ, ਇਸ਼ਟਪਾਲ ਸਿੰਘ ਸੋਢੀ ਵੀ ਆਦਿ ਵੀ ਮੌਜੂਦ ਸਨ। ਸੰਗਤਾਂ ਲਈ ਅਤੁੱਟ ਲੰਗਰ ਵਰਤਾਏ ਗਏ।

ਤੀਰਅੰਦਾਜ਼ ਹਰਵਿੰਦਰ ਸਿੰਘ ਨੂੰ ਪਦਮਸ੍ਰੀ ਦੇਣ ਦਾ ਐਲਾਨ

ਪਟਿਆਲਾ (ਅਵਤਾਰ ਸਿੰਘ ਜਟਾਣਾ)-ਪੰਜਾਬੀ ਯੂਨੀਵਰਸਿਟੀ ਦੇ ਤੀਰਅੰਦਾਜ਼ ਹਰਵਿੰਦਰ ਸਿੰਘ ਨੂੰ ਭਾਰਤ ਸਰਕਾਰ ਵੱਲੋਂ ਪਦਮ ਸ੍ਰੀ ਐਵਾਰਡ ਦੇਣ ਦਾ ਐਲਾਨ ਹੋਇਆ ਹੈ।ਹਰਵਿੰਦਰ ਸਿੰਘ ਨੇ ਹਾਲ ਹੀ ਵਿੱਚ ਪੈਰਿਸ ਵਿਖੇ ਹੋਈਆਂ ਪੈਰਾ-ਓਲਿੰਪਕ ਖੇਡਾਂ ਵਿੱਚ ਸੋਨ ਤਗ਼ਮਾ ਜਿੱਤਿਆ ਸੀ।ਉਹ ਯੂਨੀਵਰਸਿਟੀ ਦੇ ਅਰਥ-ਸ਼ਾਸਤਰ ਵਿਭਾਗ ਵਿਖੇ ਪੀ-ਐੱਚ. ਡੀ. ਖੋਜਾਰਥੀ ਵਜੋਂ ਆਪਣਾ ਖੋਜ ਕਾਰਜ ਕਰ ਰਿਹਾ ਹੈ।ਹਰਵਿੰਦਰ ਸਿੰਘ ਹਰਿਆਣਾ ਦੇ ਕੈਥਲ ਜ਼ਿਲ੍ਹੇ ਦਾ ਵਸਨੀਕ ਹੈ।2018 ਵਿੱਚ ਉਸ ਨੇ ਜਕਾਰਤਾ ਵਿਖੇ ਹੋਈਆਂ ਏਸ਼ੀਅਨ ਪੈਰਾ ਖੇਡਾਂ ਵਿੱਚ ਵੀ ਸੋਨ ਤਗ਼ਮਾ ਜਿੱਤਿਆ ਸੀ।ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਨੇ ਕਿਹਾ ਕਿ ਯੂਨੀਵਰਸਿਟੀ ਨੂੰ ਆਪਣੇ ਇਸ ਹੋਣਹਾਰ ਖਿਡਾਰੀ ਉੱਤੇ ਮਾਣ ਹੈ।ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਨੇ ਕਿਹਾ ਕਿ ਕੌਮੀ ਪੱਧਰ ਦਾ ਇਹ ਐਵਾਰਡ ਪ੍ਰਾਪਤ ਕਰਕੇ ਹਰਵਿੰਦਰ ਸਿੰਘ ਨੇ ਆਪਣਾ ਅਤੇ ਪੰਜਾਬੀ ਯੂਨੀਵਰਸਿਟੀ ਦਾ ਨਾਮ ਹੋਰ ਵੀ ਉੱਚਾ ਕਰ ਦਿੱਤਾ ਹੈ।

ਸਮਾਜ ਸੇਵੀ ਗੁਰਜੀਤ ਸਿੰਘ ਢਿੱਲੋਂ ਸਨਮਾਨਤ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫੇਅਰ ਸੁਸਾਇਟੀ (ਰਜਿ) ਦੇ ਪ੍ਰਧਾਨ ਗੁਰਜੀਤ ਸਿੰਘ ਢਿੱਲੋਂ ਨੂੰ ਸਮਾਜ ਸੇਵੀ ਕੰਮਾਂ 'ਚ ਸ਼ਾਨਦਾਰ ਸੇਵਾਵਾਂ ਨਿਭਾਉਣ ਬਦਲੇ ਜ਼ਿਲ੍ਹਾ ਪੱਧਰੀ ਸਮਾਗਮ ਮੌਕੇ ਨਹਿਰੂ ਸਟੇਡੀਅਮ ਫ਼ਰੀਦਕੋਟ ਵਿਖੇ ਮੁੱਖ ਮਹਿਮਾਨ ਕੁਲਤਾਰ ਸਿੰਘ ਸੰਧਵਾਂ, ਡਿਪਟੀ ਕਮਿਸ਼ਨਰ ਵਿਨੀਤ ਕੁਮਾਰ, ਐਸ.ਐਸ.ਪੀ ਮੈਡਮ ਪ੍ਰਿਆ ਜੈਨ ਫ਼ਰੀਦਕੋਟ ਵੱਲੋਂ ਸਨਮਾਨਤ ਕੀਤਾ ਗਿਆ।ਇਸ ਮੌਕੇ ਗੁਰਜੀਤ ਸਿੰਘ ਨੇ ਕਿਹਾ ਉਹ ਸਮਾਜ ਸੇਵੀ ਕੰਮਾਂ ਵਿੱਚ ਹੋਰ ਤੇਜ਼ੀ ਲਿਆਉਣਗੇ ਤੇ ਵੱਧ ਤੋਂ ਵੱਧ ਲੋੜਵੰਦ ਲੋਕਾਂ ਨੂੰ ਖੂਨ ਦਿਵਾ ਕੇ ਦਿੱਤਾ ਜਾਵੇਗਾ ਤੇ ਹੋਰ ਲੋਕ ਭਲਾਈ ਕੰਮਾਂ ਨੂੰ ਕੀਤਾ ਜਾਵੇਗਾ ਤੇ ਹੋਰ ਲੋਕਾਂ ਨੂੰ ਨਾਲ ਜੋੜਿਆ ਜਾਵੇਗਾ।ਉਨ੍ਹਾਂ ਸਾਰੀ ਆਪਣੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਕੇ.ਪੀ.ਸਰਾਂ, ਬੀਰਇੰਦਰ ਸਰਾਂ ਆਦਿ ਟੀਮ ਮੈਂਬਰ ਮੌਜੂਦ ਸਨ।

ਦਸਮੇਸ਼ ਪਬਲਿਕ ਸਕੂਲ ਮਾਣੂੰਕੇ ਦਾ ਸਮਾਗਮ ਯਾਦਗਾਰੀ ਹੋ ਨਿੱਬੜਿਆ

ਹਠੂਰ (ਸੰਜੀਵ ਅਰੋੜਾ)-ਦਸਮੇਸ਼ ਪਬਲਿਕ ਸਕੂਲ ਮਾਣੂੰਕੇ ਅਧੀਨ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ) ਦਾ ਸਲਾਨਾ ਸਮਾਗਮ ਯਾਦਗਾਰੀ ਹੋ ਨਿੱਬੜਿਆ। ਇਸ ਮੌਕੇ ਸਕੂਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਕੀਰਤਨੀਏ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੌਰਾਨ ਖੁੱਲ੍ਹੇ ਪੰਡਾਲ 'ਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੁਸ਼ੋਭਿਤ ਕੀਤਾ ਗਿਆ, ਜਿੱਥੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਕੀਰਤਨ, ਕਵੀਸ਼ਰੀ ਤੇ ਧਾਰਮਿਕ ਨਾਟਕ ਆਦਿ ਦੀ ਪੇਸ਼ਕਾਰੀ ਕੀਤੀ ਗਈ ਤੇ ਸਕੂਲ ਦੀ ਹੈੱਡ ਗਰਲ ਨੇ ਅੰਗਰੇਜ਼ੀ ਭਾਸ਼ਣ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਬਾਰੇ ਵਿਚਾਰ ਪੇਸ਼ ਕੀਤੇ। ਸਮਾਗਮ ਦੌਰਾਨ ਸ਼ਾਨਦਾਰ ਪੁਜ਼ੀਸ਼ਨਾਂ ਹਾਸਲ ਵਿਦਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਵਜ਼ੀਫੇ ਦੇ ਚੈੱਕ ਵੰਡੇ ਗਏ ਅਤੇ ਪਿਛਲੇ ਸਾਲ ਦੇ ਸਲਾਨਾ ਇਮਤਿਹਾਨਾਂ ਦੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ ਗਏ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਸਕੂਲ ਤੁਹਾਡਾ ਆਪਣਾ ਸਕੂਲ ਹੈ, ਜਿੱਥੇ ਬੱਚਿਆਂ ਨੂੰ ਨੈਤਿਕ ਵਿੱਦਿਆ ਦੇ ਨਾਲ-ਨਾਲ ਧਾਰਮਿਕ ਵਿੱਦਿਆ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਬਾਰੇ ਬੋਲਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਸਲਾਨਾ ਬਜਟ 'ਚ ਸਿੱਖਿਆ ਨੂੰ ਮੋਹਰੀ ਰੱਖਦੀ ਹੈ ਤੇ ਵੱਖ-ਵੱਖ ਖੇਤਰਾਂ 'ਚ ਨਾਮਣਾ ਖੱਟਣ ਵਾਲੇ ਤੇ ਅੰਮ੍ਰਿਤਧਾਰੀ ਬੱਚਿਆਂ ਨੂੰ ਵਜ਼ੀਫੇ ਦਿੰਦੀ ਹੈ।

ਕਿੰਡਰ ਗਾਰਟਨ ਸਕੂਲ ਦੇ ਵਿਦਿਆਰਥੀ ਸਨਮਾਨਤ

ਸਮਰਾਲਾ (ਸੁਰਜੀਤ ਸਿੰਘ)-76ਵੇਂ ਗਣਤੰਤਰਤਾ ਦਿਵਸ ਸਮਾਰੋਹ ਮੌਕੇ ਕਿੰਡਰ ਗਾਰਟਨ ਐਂਡ ਸੀ.ਸੈ.ਸਕੂਲ ਦੇ ਜ਼ਿਲ੍ਹਾ ਤੇ ਸਟੇਟ ਪੱਧਰ ਤੇ ਖੇਡ ਮੁਕਾਬਲਿਆ ਵਿੱਚੋਂ ਪਹਿਲੀ ਅਤੇ ਦੂਜੀ ਪੁਜ਼ੀਸ਼ਨ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਰਜਨੀਸ਼ ਅਰੋੜਾ ਐਸ ਡੀ ਐਮ ਵੱਲੋਂ ਸਨਮਾਨਤ ਕੀਤਾ ਗਿਆ।ਖੇਡਾਂ ਵਤਨ ਪੰਜਾਬ ਦੀਆਂ ਵਿੱਚ ਜ਼ਿਲ੍ਹਾ ਪੱਧਰ ਅਤੇ ਸਟੇਟ ਪੱਧਰ ਤੇ ਹੈਂਡਬਾਲ ਖੇਡ ਦੇ ਮੁਕਬਲਿਆਂ ਵਿੱਚੋਂ ਪਹਿਲੀ ਤੇ ਦੂਜੀ ਪੁਜੀਸ਼ਨ 'ਤੇ ਰਹਿਣ ਵਾਲੇ ਸਕੂਲ ਦੇ ਡੀ.ਪੀ. ਅਧਿਆਪਕ ਨਵਪ੍ਰੀਤ ਕੌਰ ਅਤੇ ਹਰਪ੍ਰੀਤ ਕੌਰ ਦਾ ਵੀ ਸਨਮਾਨ ਕੀਤਾ ਗਿਆ।ਸਕੂਲ ਦੇ ਚੇਅਰਮੈਨ ਦਲਜੀਤ ਸਿੰਘ ਸ਼ਾਹੀ, ਡਾਇਰੈਕਟਰ ਮੈਡਮ ਸਰਬਜੀਤ ਕੌਰ ,ਪ੍ਰਿੰਸੀਪਲ ਮੈਡਮ ਰਣਜੋਤ ਕੌਰ ਤੇ ਸਮੂਹ ਸਟਾਫ਼ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ-ਪਿਤਾ ਅਤੇ ਡੀ.ਪੀ. ਮੈਡਮ ਹਰਪ੍ਰੀਤ ਕੌਰ ਅਤੇ ਨਵਪ੍ਰੀਤ ਕੌਰ ਨੂੰ ਵਧਾਈ ਦਿੱਤੀ।

ਜਥੇਦਾਰ ਸਾਹਿਬਾਨਾਂ ਦੇ ਸਤਿਕਾਰ ਨੂੰ ਠੇਸ ਪੁਚਾਉਣ ਵਾਲੀਆਂ ਸ਼ਕਤੀਆਂ ਖਿਲਾਫ ਪੰਥ ਇੱਕਮੁੱਠ ਹੋਵੇ : ਸਤਵਿੰਦਰ ਸਿੰਘ ਟੌਹੜਾ

ਨਾਭਾ (ਵਰਿੰਦਰ ਵਰਮਾ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਤਵਿੰਦਰ ਸਿੰਘ ਟੌਹੜਾ ਨੇ ਕਿਹਾ ਕਿ ਤਖ਼ਤ ਸਹਿਬਾਨਾਂ ਦੇ ਜਥੇਦਾਰਾਂ ਦੇ ਸਨਮਾਨ ਨੂੰ ਢਾਅ ਲਾਉਣ ਵਾਲੀਆਂ ਸ਼ਕਤੀਆਂ ਖਿਲਾਫ ਪੰਥ ਇੱਕਠਾ ਹੋਵੇ।ਐਸਜੀਪੀਸੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਨੇ ਕਿਹਾ ਕਿ ਇੱਕ ਬੇਹੱਦ ਘਟੀਆ ਮਾਨਸਿਕਤਾ ਵਾਲੀ ਤੇ ਅਤਿ ਨਿੰਦਣਯੋਗ ਸਾਜਿਸ਼ ਤਹਿਤ ਗਿਆਨੀ ਹਰਪ੍ਰੀਤ ਸਿੰਘ ਦੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ।ਟੌਹੜਾ ਨੇ ਕਿਹਾ ਕਿ 2 ਦਸੰਬਰ ਦੇ ਫੈਸਲੇ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੂੰ ਜਾਣ-ਬੁੱਝ ਕੇ ਟਾਰਗੇਟ ਕੀਤਾ ਗਿਆ ਹੈ, ਇੱਕ ਪਰਿਵਾਰਕ ਮਸਲੇ ਦੀ ਆੜ ਹੇਠ ਉਨ੍ਹਾਂ 'ਤੇ ਘਟੀਆ ਕਿਸਮ ਦੇ ਇਲਜ਼ਾਮ ਲਵਾ ਕੇ ਖੁਦ ਹੀ ਜਾਂਚ ਕਮੇਟੀ ਬਣਾ ਕੇ ਉਨ੍ਹਾਂ ਨੂੰ ਜਲੀਲ ਕਰਕੇ ਹਟਾਉਣ ਦੀ ਸਾਜਿਸ਼ ਵਿੱਢੀ ਗਈ ਹੈ।ਇਸ ਸਾਜ਼ਿਸ਼ ਨੂੰ ਪੂਰਾ ਕਰਨ ਲਈ ਗੁਪਤ ਤਰੀਕੇ ਅਣਅਧਿਕਾਰਤ ਤੌਰ 'ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਨੂੰ ਬੁਲਾ ਕੇ ਤਿਆਰ ਕੀਤੀ ਜਾ ਚੁੱਕੀ ਝੂਠੀ ਰਿਪੋਰਟ 'ਤੇ ਸਹਿਮਤੀ ਜਤਾਉਣ ਲਈ ਦਬਾਅ ਦੀ ਨੀਤੀ ਰਾਹੀਂ ਕੰਮ ਕੀਤਾ ਜਾ ਰਿਹਾ ਹੈ।

ਮਾਊਂਟ ਲਿਟਰਾ ਜ਼ੀ ਸਕੂਲ 'ਚ ਟੀਚਰ ਟ੍ਰੇਨਿੰਗ ਵਰਕਸ਼ਾਪ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਮਾਊਂਟ ਲਿਟਰਾ ਜ਼ੀ ਸਕੂਲ, ਰਾਮਪੁਰਾ 'ਚ ਟੀਚਰਜ਼ ਟ੍ਰੇਨਿੰਗ ਵਰਕਸ਼ਾਪ ਲਗਾਈ ਗਈ।ਇਸ ਟ੍ਰੇਨਿੰਗ ਲਈ ਸਿੰਰਸਰ ਪਰਸਨ ਵਜੋਂ ਨੀਨਾ ਪਾਂਡੇ ਪ੍ਰਿੰਸੀਪਲ, ਏ.ਟੀ.ਐਸ. ਵੈਲੀ ਸਕੂਲ, ਡੇਰਾਬੱਸੀ ਅਤੇ ਯੋਗੇਸ਼ਵਰ ਸਿੰਘ ਬਟਿਆਲ, ਪ੍ਰਿੰਸੀਪਲ ਹੈਰੀਟੇਜ ਪਬਲਿਕ ਸਕੂਲ ਭਵਾਨੀਗੜ੍ਹ, ਸੰਗਰੂਰ ਨੇ ਸ਼ਿਰਕਤ ਕੀਤੀ।ਸਕੂਲ ਵਿੱਚ ਪਹੁੰਚਣ ਸਕੂਲ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਅਤੇ ਸਕੂਲ ਪ੍ਰਿੰਸੀਪਲ ਗੀਤਾ ਪਿੱਲੇ ਨੇ ਉਨ੍ਹਾਂ ਦਾ ਸਵਾਗਤ ਕੀਤਾ।ਇਸ ਟ੍ਰੇਨਿੰਗ ਦਾ ਵਿਸ਼ਾ ਹੈਪੀ ਕਲਾਸਰੂਮ ਸੀ।ਜਿਸ ਵਿੱਚ ਅਧਿਆਪਕਾਂ ਨੂੰ ਇਹ ਦੱਸਿਆ ਗਿਆ ਕਿ ਉਹ ਆਪਣੇ ਕਲਾਸਰੂਮ ਦਾ ਮਾਹੌਲ ਖੁਸ਼ਨੁਮਾ ਕਿਵੇਂ ਬਣਾ ਸਕਦੇ ਹਨ।ਇਸ ਟ੍ਰੇਨਿੰਗ ਦੌਰਾਨ ਅਧਿਆਪਕਾਂ ਨੂੰ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ।ਸਮਾਗਮ ਦੇ ਅੰਤ ਵਿੱਚ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਅਤੇ ਸਕੂਲ ਪ੍ਰਿੰਸੀਪਲ ਗੀਤਾ ਪਿੱਲੇ ਨੇ ਨੀਨਾ ਪਾਂਡੇ ਅਤੇ ਯੋਗੇਸ਼ਵਰ ਸਿੰਘ ਬਟਿਆਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਦਿੱਤੀ ਗਈ ਜਾਣਕਾਰੀ ਦਾ ਅਧਿਆਪਕਾਂ ਨੂੰ ਬਹੁਤ ਫਾਇਦਾ ਹੋਵੇਗਾ।ਉਨ੍ਹਾਂ ਕਿਹਾ ਕਿ ਉਹ ਵੱਖ-ਵੱਖ ਕਿਸਮ ਦੀਆਂ ਬੋਧਾਤਮਕ ਸਿਖਲਾਈਆਂ ਦਾ ਆਯੋਜਨ ਕਰਦੇ ਰਹਿਣਗੇ। ਅਧਿਆਪਕਾਂ ਲਈ ਇਹ ਇੱਕ ਕੀਮਤੀ ਅਨੁਭਵ ਸੀ।

ਹਰਪਾਲ ਚੀਮਾ ਵੱਲੋਂ ਖੇਡ ਸਟੇਡੀਅਮ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ

ਦਿੜ੍ਹਬਾ (ਜਸਵੀਰ ਲਾਡੀ)-ਪੰਜਾਬ ਦੇ ਵਿੱਤ, ਯੋਜਨਾ, ਪ੍ਰੋਗਰਾਮ ਲਾਗੂ ਕਰਨ ਅਤੇ ਕਰ ਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਦਿੜ੍ਹਬਾ ਵਿਖੇ ਬਹੁਮੰਤਵੀ ਇਨਡੋਰ ਖੇਡ ਸਟੇਡੀਅਮ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕਰਵਾਉਂਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਵੱਡੇ ਪੱਧਰ 'ਤੇ ਪ੍ਰਫੁੱਲਿਤ ਕੀਤਾ ਜਾ ਰਿਹਾ ਹੈ ਅਤੇ ਇਸ ਦਿਸ਼ਾ ਵਿੱਚ ਵਿਧਾਨ ਸਭਾ ਹਲਕਾ ਦਿੜ੍ਹਬਾ ਦੇ ਹੋਣਹਾਰ ਖਿਡਾਰੀਆਂ ਦਾ ਨਾਂਅ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਹੋਰ ਵੀ ਚਮਕਾਉਣ ਲਈ ਅੱਜ 7.20 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਬਹੁ ਮੰਤਵੀ ਇਨਡੋਰ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖ ਦਿੱਤਾ ਗਿਆ ਹੈ।ਸ਼ਹੀਦ ਬਚਨ ਸਿੰਘ ਯਾਦਗਾਰੀ ਖੇਡ ਸਟੇਡੀਅਮ ਵਿਖੇ ਹੀ ਬਣਾਏ ਜਾਣ ਵਾਲੇ ਇਸ ਬਹੁਮੰਤਵੀ ਇਨਡੋਰ ਖੇਡ ਸਟੇਡੀਅਮ ਦਾ ਨੀਂਹ ਪੱਥਰ ਉਨ੍ਹਾਂ ਮਹਾਨ ਮੁੱਕੇਬਾਜ ਪਦਮਸ੍ਰੀ ਕੌਰ ਸਿੰਘ ਦੀ ਧਰਮ ਪਤਨੀ ਰਣਜੀਤ ਕੌਰ ਅਤੇ ਕਬੱਡੀ ਖਿਡਾਰੀ ਸਵਰਗਵਾਸੀ ਗੁਰਮੇਲ ਸਿੰਘ ਦੀ ਧਰਮ ਪਤਨੀ ਪਰਮਜੀਤ ਕੌਰ ਦੀ ਮੌਜੂਦਗੀ ਵਿੱਚ ਰੱਖਿਆ। ਉਨ੍ਹਾਂ ਕਿਹਾ ਕਿ ਖੇਡ ਪ੍ਰੇਮੀਆਂ ਦੀ ਚਿਰਾਂ ਤੋਂ ਲਟਕ ਰਹੀ ਮੰਗ ਛੇਤੀ ਹੀ ਪੂਰੀ ਹੋਣ ਜਾ ਰਹੀ ਹੈ ਅਤੇ ਸਾਡੇ ਹੋਣਹਾਰ ਖਿਡਾਰੀ ਕਬੱਡੀ ਅਤੇ ਮੁੱਕੇਬਾਜ਼ੀ ਦੇ ਨਾਲ ਨਾਲ ਵਾਲੀਬਾਲ, ਬਾਸਕਟਬਾਲ, ਬੈਡਮਿੰਟਨ, ਟੇਬਲ ਟੈਨਿਸ, ਜੂਡੋ, ਜਿਮਨਾਸਟਿਕ, ਰੈਸਲਿੰਗ ਸਮੇਤ 11 ਵੱਖ-ਵੱਖ ਖੇਡਾਂ ਵਿੱਚ ਆਪਣੇ ਖੇਡ ਹੁਨਰ ਨੂੰ ਤਰਾਸ਼ ਕੇ ਭਵਿੱਖ ਵਿੱਚ ਕੌਮੀ ਅਤੇ ਕੌਮਾਂਤਰੀ ਪੱਧਰ ਉੱਤੇ ਦਿੜ੍ਹਬਾ ਦਾ ਨਾਂਅ ਰੋਸ਼ਨ ਕਰਨਗੇ।ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਵ. ਕੌਰ ਸਿੰਘ ਅਤੇ ਸਵ. ਗੁਰਮੇਲ ਸਿੰਘ ਨੇ ਗਰੀਬ ਪਰਵਾਰਾਂ ਵਿੱਚ ਜਨਮ ਲੈਣ ਦੇ ਬਾਵਜੂਦ ਆਪਣੀ ਹਿੰਮਤ ਸਦਕਾ ਖੇਡਾਂ ਦੇ ਖੇਤਰ ਵਿੱਚ ਜਿਹੜੀਆਂ ਬੁਲੰਦੀਆਂ ਨੂੰ ਹਾਸਲ ਕੀਤਾ, ਉਹ ਬੇਮਿਸਾਲ ਹਨ ਅਤੇ ਇਹਨਾਂ ਦੋਵਾਂ ਹੀ ਖੇਡ ਜਗਤ ਦੇ ਹੀਰਿਆਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਦਿੜ੍ਹਬਾ ਵਿੱਚ ਇਹ ਇੰਨਡੋਰ ਖੇਡ ਸਟੇਡੀਅਮ ਬਣਵਾਇਆ ਜਾ ਰਿਹਾ ਹੈ।ਇਸ ਮੌਕੇ ਡਿਪਟੀ ਕਮਿਸ਼ਨਰ ਸੰਗਰੂਰ ਸੰਦੀਪ ਰਿਸ਼ੀ ਨੇ ਕਿਹਾ ਕਿ ਇਹ ਇੰਨਡੋਰ ਖੇਡ ਸਟੇਡੀਅਮ ਖਿਡਾਰੀਆਂ ਲਈ ਇੱਕ ਵਰਦਾਨ ਸਾਬਿਤ ਹੋਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ ਡੀ ਐਮ ਰਾਜੇਸ਼ ਸ਼ਰਮਾ, ਨਗਰ ਕੌਂਸਲ ਦੇ ਪ੍ਰਧਾਨ ਮਨਿੰਦਰ ਸਿੰਘ ਘੁਮਾਣ, ਕੈਬਨਿਟ ਮੰਤਰੀ ਦੇ ਓ ਐਸ ਡੀ ਤਪਿੰਦਰ ਸਿੰਘ ਸੋਹੀ, ਜ਼ਿਲ੍ਹਾ ਖੇਡ ਅਫਸਰ ਨਵਦੀਪ ਸਿੰਘ, ਐਕਸੀਅਨ ਲੋਕ ਨਿਰਮਾਣ ਵਿਭਾਗ ਅਜੇ ਗਰਗ ਸਮ

29-Jan-PAGE--8.qxd 1/28/2025 11:09 PM Page 1

ਸਿਹਤ ਮੰਤਰੀ ਨਾਲ ਬੇਸਿੱਟਾ ਮੀਟਿੰਗ ਤੋਂ ਬਾਅਦ ਸਿਹਤ ਮੁਲਾਜ਼ਮਾਂ ਨੇ ਨਵੀਂ ਦਿੱਲੀ ਵੱਲ ਪਾਏ ਚਾਲੇ

ਫਿਲੌਰ (ਨਿਰਮਲ)

ਪੰਜਾਬ ਭਰ ਵਿੱਚ ਸਿਹਤ ਵਿਭਾਗ ਅਧੀਨ ਨੈਸ਼ਨਲ ਹੈਲਥ ਮਿਸ਼ਨ ਦੇ ਤਹਿਤ ਪਿਛਲੇ 18 ਸਾਲਾਂ ਤੋਂ ਬਹੁਤ ਹੀ ਨਿਗੂਣੀਆਂ ਤਨਖਾਹਾਂ ਉੱਤੇ ਕੰਮ ਕਰਦੇ 9200 ਦੇ ਕਰੀਬ ਮੈਡੀਕਲ, ਪੈਰਾਮੈਡੀਕਲ ਅਤੇ ਦਫਤਰੀ ਸਿਹਤ ਕਾਮੇ ਠੇਕਾ ਪ੍ਰਥਾ ਦਾ ਸ਼ਿਕਾਰ ਹੋ ਰਹੇ ਹਨ ਪ੍ਰੰਤੂ ਪਿਛਲੇ ਤਿੰਨ ਸਾਲਾਂ ਤੋਂ ਐਨ.ਐਚ.ਐਮ ਇੰਪਲਾਈਜ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੀਆਂ ਪੰਜਾਬ ਸਰਕਾਰ ਨਾਲ ਮੀਟਿੰਗ ਹੋਈਆਂ 29-30 ਮੀਟਿੰਗਾਂ ਸਿਰਫ ਜੁਬਾਨੀ ਲਾਰੇਬਾਜੀ ਸਾਬਿਤ ਹੋਈਆਂ। ਸੂਬਾਈ ਆਗੂਆਂ ਵੱਲੋਂ ਪੰਜਾਬ ਸਰਕਾਰ ਤੇ ਰੋਸ ਜਾਹਿਰ ਕਰਦਿਆਂ ਕਿਹਾ ਕਿ ਲਗਪਗ ਤਿੰਨ ਸਾਲ ਦਾ ਸਮਾਂ ਬੀਤ ਜਾਣ ਤੇ ਵੀ ਪੰਜਾਬ ਸਰਕਾਰ ਵੱਲੋਂ ਨੈਸ਼ਨਲ ਹੈਲਥ ਮਿਸ਼ਨ ਦੇ ਕਰਮਚਾਰੀਆਂ ਦੀ ਕੋਈ ਵੀ ਜਾਇਜ਼ ਮੰਗ ਪੂਰੀ ਨਹੀਂ ਕੀਤੀ ਜਿਸ ਕਰਕੇ ਕਰਮਚਾਰੀਆਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਯੂਨੀਅਨ ਦੀ 26 ਜਨਵਰੀ ਨੂੰ ਸਿਹਤ ਮੰਤਰੀ ਪੰਜਾਬ ਨਾਲ ਸਰਕਟ ਹਾਊਸ ਪਟਿਆਲਾ ਵਿਖੇ ਬੇਸਿੱਟਾ ਰਹਿ ਮੀਟਿੰਗ ਤੋਂ ਬਾਅਦ ਪੰਜਾਬ ਦੇ ਸਮੂਹ ਕਰਮਚਾਰੀਆਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਫਰਵਰੀ ਮਹੀਨੇ ਵਿੱਚ ਹੋਣ ਵਾਲੀਆਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਪੰਜਾਬ ਸਰਕਾਰ ਦਾ ਵਿਰੋਧ ਕਰਦੇ ਹੋਏ ਪੋਲ ਖੋਲ ਰੈਲੀਆਂ ਕਰਕੇ ਪਰਚੇ ਵੰਡੇ ਜਾਣਗੇ।ਵਿਰੋਧ ਪ੍ਰਦਰਸ਼ਨਾਂ ਦੀ ਲੜੀ ਦੇ ਪਹਿਲੇ ਪੜਾਅ ਤੇ ਮਿਤੀ 01 ਅਤੇ 2 ਫ਼ਰਵਰੀ 2025 ਨੂੰ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਵਿਧਾਨ ਸਭਾ ਹਲਕਾ ਨਵੀਂ ਦਿੱਲੀ ਅਤੇ ਨੈਸ਼ਨਲ ਮੀਡੀਆ ਰਾਹੀਂ ਰਾਜੀਵ ਚੌਕ ਕਨਾਟ ਪੈਲੇਸ ਵਿੱਚ 20000 ਪਰਚੇ ਵੰਡ ਕੇ ਪੰਜਾਬ ਸਰਕਾਰ ਦੀ ਪੋਲ ਖੋਲ੍ਹੀ ਜਾਵੇਗੀ ।ਇਹ ਜਾਣਕਾਰੀ ਐਨ.ਐਚ.ਐਮ ਇੰਪਲਾਇਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਡਾ. ਵਾਹਿਦ

ਮਾਲੇਰਕੋਟਲਾ ਅਤੇ ਸੂਬਾ ਜਨਰਲ ਸਕੱਤਰ ਗੁਲਸ਼ਨ ਸ਼ਰਮਾ ਫਰੀਦਕੋਟ ਨੇ ਦੱਤੀ। ਇਸ ਮੌਕੇ ਸੀਨੀਅਰ ਆਗੂਆਂ ਡਾਕਟਰ ਜਤਿੰਦਰ ਸਿੰਘ ਫ਼ਤਹਿਗੜ੍ਹ ਸਾਹਿਬ, ਡਾਕਟਰ ਰਾਜ,ਕਿਰਨਜੀਤ ਕੌਰ ਮੁਹਾਲੀ, ਸੰਦੀਪ ਕੌਰ ਬਰਨਾਲਾ ਅਤੇ ਹਰਪਾਲ ਸਿੰਘ ਸੋਢੀ ਫਤਿਹਗੜ੍ਹ ਸਾਹਿਬ ਨੇ ਕਿਹਾ ਕਿ ਸਾਡੇ ਗੁਆਂਢੀ ਸੂਬੇ ਹਰਿਆਣਾ ਵੱਲੋਂ 2017 ਤੋਂ ਨੈਸ਼ਨਲ ਹੈਲਥ ਮਿਸ਼ਨ ਦੇ ਕਰਮਚਾਰੀਆਂ ਨੂੰ ਸਰਵਿਸ ਬਾਏ ਲਾਅਜ਼ ਬਣਾ ਕੇ ਰੈਗੂਲਰ ਪੇਅ ਸਕੇਲ, ਪੇਅ ਕਮਿਸ਼ਨ, ਡੀ.ਏ ਅਤੇ ਮੈਡੀਕਲ ਰੀਬਰਸਮੈਂਟ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਐਨ.ਐਚ.ਐਮ ਕਰਮਚਾਰੀਆਂ ਦੀਆਂ ਮੁੱਖ ਮੰਗਾਂ ਵਿੱਚ ਰੈਗੂਲਰਾਈਜੇਸ਼ਨ, ਹਰਿਆਣਾ ਦੀ ਤਰਜ 'ਤੇ ਬਾਏ ਲਾਅਜ਼ ਬਣਾ ਕੇ ਮੌਜੂਦਾ ਤਨਖਾਹਾਂ ਵਿੱਚ ਵਾਧਾ ਕਰਨਾ,ਲਾਇਲਟੀ ਬੋਨਸ, ਲੀਵ ਪਾਲਿਸੀ ਤਹਿਤ ਕਮਾਊਂ ਛੁੱਟੀ,ਗ੍ਰੈਚਇਟੀ ਆਦਿ ਹਨ, ਇਸ ਮੌਕੇ ਤੇ ਗੁਲਸ਼ਨ ਸ਼ਰਮਾ ਫ਼ਰੀਦਕੋਟ,ਅਵਤਾਰ ਸਿੰਘ ਮਾਨਸਾ, ਦਿਨੇਸ਼ ਪਟਿਆਲਾ ਅਤੇ ਡਾਕਟਰ ਪੰਖੁਰੀ ਕਮਲ ,ਡਾਕਟਰ ਵਿਪਨ, ਡਾਕਟਰ ਦਰਬਾਰੀ ਆਦਿ ਆਗੂਆਂ ਨੇ ਕਿਹਾ ਕਿ ਨੈਸ਼ਨਲ ਹੈਲਥ ਮਿਸ਼ਨ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਦੀਆਂ ਜਾਇਜ ਮੰਗਾਂ ਜਲਦ ਤੋਂ ਜਲਦ ਪੂਰੀਆਂ ਕਰਕੇ ਬਣਦਾ ਮਾਣ ਸਨਮਾਨ ਬਹਾਲ ਕੀਤਾ ਜਾਵੇ ।ਇਸ ਮੌਕੇ ਹਾਜ਼ਰ ਸੂਬਾਈ ਆਗੂਆਂ ਨੇ ਰੋਸ ਜਾਹਰ ਕਰਦੇ ਹੋਏ ਕਿਹਾ ਕਿ ਭਗਵੰਤ ਮਾਨ ਸਰਕਾਰ ਜਾਇਜ਼ ਮੰਗਾਂ ਦਾ ਹੱਲ ਕਰਨ ਤੋਂ ਭੱਜਦੀ ਦਿਖਾਈ ਦੇ ਰਹੀ ਹੈ ਜਿਸ ਕਰਕੇ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ 'ਤੇ ਡਾਕਟਰ ਕੁਲਵਿੰਦਰ, ਡਾਕਟਰ ਸ਼ਿਵਰਾਜ,ਜਸ਼ਨ ਫ਼ਤਹਿਗੜ੍ਹ,ਅਮਨਦੀਪ ਸਿੰਘ, ਡਾਕਟਰ ਸੁਨੀਲ ਤਰਗੋਤਰਾ, ਡਾਕਟਰ ਇੰਦਰਜੀਤ, ਡਾਕਟਰ ਜਯੋਤੀ, ਰੇਚਲ, ਡਾਕਟਰ ਵਰਿੰਦਰ ਸੰਗਰੂਰ, ਦੀਪਸ਼ਿਖਾ ਆਦਿ ਹਾਜ਼ਰ ਸਨ।

ਅੰਬੇਡਕਰ ਦੀ ਪ੍ਰਤਿਮਾ ਦਾ ਅਪਮਾਨ ਕਰਨ ਵਾਲੇ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ : ਮਹਿੰਦਰ ਭਗਤ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)

ਅੰਮ੍ਰਿਤਸਰ ਦੀ ਹੈਰੀਟੇਜ ਸਟਰੀਟ ਵਿਖੇ ਸਥਾਪਿਤ ਭਾਰਤ ਰਤਨ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦੀ ਪ੍ਰਤਿਮਾ ਨੂੰ ਇੱਕ ਵਿਅਕਤੀ ਵੱਲੋਂ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨ ਦੇ ਮਾਮਲੇ ਸਬੰਧੀ ਪੰਜਾਬ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਕਿਹਾ ਕਿ ਦੋਸ਼ੀ ਨੂੰ ਸਖਤ ਸਜ਼ਾ ਦਿੱਤੀ ਜਾਵੇਗੀ । ਇਸ ਨੂੰ ਬਹੁਤ ਹੀ ਮੰਦਭਾਗੀ ਘਟਨਾ ਦੱਸਦੇ ਹੋਏ ਮਹਿੰਦਰ ਭਗਤ ਨੇ ਕਿਹਾ ਕਿ ਇਸ ਨਾਲ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਜੀ ਦਾ ਸਤਿਕਾਰ ਕਰਨ ਵਾਲੇ ਹਰ ਵਿਅਕਤੀ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਲੋਕਾਂ ਨੂੰ ਸੰਜਮ ਬਣਾਈ ਰੱਖਣ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਘਿਨਾਉਣੇ ਕੰਮਾਂ ਵਿੱਚ ਸ਼ਾਮਲ ਸ਼ਰਾਰਤੀ

ਅਨਸਰਾਂ ਵਿਰੁੱਧ ਮਿਸਾਲੀ ਕਾਰਵਾਈ ਯਕੀਨੀ ਬਣਾਈ ਜਾਵੇਗੀ । ਕੈਬਨਿਟ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਕਿਸੇ ਨੂੰ ਵੀ ਸੂਬੇ ਦੀ ਸ਼ਾਂਤੀ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਅਸ਼ਾਂਤੀ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਸਮਾਜ ਵਿਰੋਧੀ ਅਤੇ ਦੇਸ਼ ਵਿਰੋਧੀ ਅਨਸਰਾਂ ਦੇ ਨਾਪਾਕ ਮਨਸੂਬਿਆਂ ਨੂੰ ਨਾਕਾਮ ਕਰਨ ਲਈ ਪੂਰੀ ਤਰ੍ਹਾਂ ਸੁਚੇਤ ਅਤੇ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜੋ ਵੀ ਅਜਿਹੀਆਂ ਕਾਰਵਾਈਆਂ ਰਾਹੀਂ ਸੂਬੇ ਦੀ ਕਾਨੂੰਨ ਵਿਵਸਥਾ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰੇਗਾ, ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਮਹਿੰਦਰ ਭਗਤ ਨੇ ਲੋਕਾਂ ਨੂੰ ਪੂਰਨ ਸਹਿਯੋਗ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਨੂੰ ਸਭ ਤੋਂ ਸ਼ਾਂਤੀਪੂਰਨ ਤੇ ਭਾਈਚਾਰਕ ਸਾਂਝ ਵਾਲਾ ਸੂਬਾ ਬਣਾਉਣ ਲਈ ਫਿਰਕੂ ਸਦਭਾਵਨਾ ਅਤੇ ਸ਼ਾਂਤੀ ਬਰਕਰਾਰ ਰੱਖਣ ਲਈ ਸਰਗਰਮ ਭੂਮਿਕਾ ਨਿਭਾਈ ਜਾਵੇ।

ਅੰਬੇਦਕਰ ਦੇ ਬੁੱਤ ਨੂੰ ਖੰਡਿਤ ਕਰਨਾ ਨਿੰਦਣਯੋਗ : ਰਾਣਾ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) - ਧਰਮ ਜਾਤ ਦੇ ਨਾਂਅ 'ਤੇ ਨਫ਼ਰਤ ਫੈਲਾਉਣ ਵਾਲੀਆਂ ਸ਼ਕਤੀਆਂ ਪੰਜਾਬ ਵਿੱਚ ਭਾਈਚਾਰਕ ਸਾਂਝ ਨੂੰ ਤੋੜਨ ਲਈ ਸਰਗਰਮ ਹੋ ਗਈਆਂ ਹਨ। ਗਣਤੰਤਰ ਦਿਵਸ ਮੌਕੇ ਦੇਸ਼ ਦੇ ਰਹਿਬਰ ਅੰਬੇਦਕਰ ਜੀ ਦੇ ਬੁੱਤ ਨੂੰ ਖੰਡਿਤ ਕਰਨ ਕਾਰਾ ਨਿੰਦਣਯੋਗ ਹੈ । ਇਹ ਇਹ ਗਹਿਰੀ ਸਾਜਿਸ਼ ਦਾ ਹਿੱਸਾ ਹੈ ।ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਇਸ ਸਾਜਿਸ਼ ਨੂੰ ਬੇਨਕਾਬ ਕਰਨਾ ਹੋਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਅੱਜ ਪ੍ਰੈਸ ਦੇ ਨਾਂਅ ਜਾਰੀ ਕੀਤੇ ਇਕ ਬਿਆਨ ਵਿੱਚ ਕੀਤਾ। ਉਹਨਾਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਭਾਈਚਾਰਕ ਸਾਂਝ ਬਣਾ ਕੇ ਰੱਖੀ ਜਾਵੇ ਅਤੇ ਨਫਰਤੀ ਲੋਕਾਂ ਦੀ ਇਸ ਸਾਜਿਸ਼ ਨੂੰ ਬੇਨਕਾਬ ਕੀਤਾ ਜਾਵੇ। ਉਹਨਾਂ ਜਥੇਬੰਦੀ ਨਾਲ ਸਬੰਧਤ ਆਗੂਆਂ ਨੂੰ ਕਿਹਾ ਕਿ ਲੋਕਾਂ ਵਿੱਚ ਜਾ ਕੇ ਤੁਰੰਤ ਭਾਈਚਾਰਕ ਸਾਂਝ ਬਣਾਉਣ ਲਈ ਮੇਲ ਮਿਲਾਪ ਤੇ ਯਤਨ ਕੀਤੇ ਜਾਣ। ਉਹਨਾਂ ਕਿਹਾ ਕਿ ਭਾਈਚਾਰਕ ਸਾਂਝ ਸਾਨੂੰ ਵਿਰਾਸਤ ਵਿੱਚ ਮਿਲੀ ਹੈ ਅਤੇ ਇਸ ਨੂੰ ਕਾਇਮ ਰੱਖਣਾ ਸਮੂਹ ਪੰਜਾਬੀਆਂ ਦਾ ਪਹਿਲਾ ਫਰਜ਼ ਹੈ।

ਜਲਾਲਪੁਰ ਵੱਲੋਂ ਬੱਚਿਆਂ ਨੂੰ ਖੇਡਾਂ ਦਾ ਸਾਮਾਨ ਭੇਟ

ਬਲਾਚੌਰ ਜਨਵਰੀ (ਜਸਵਿੰਦਰ ਬੈਂਸ)—ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਨੇ ਵੱਖੋ ਵੱਖਰੇ ਪਿੰਡਾਂ ਨੂੰ ਓਪਨ ਜਿੰਮ ਲਈ ਬਹੁਤ ਸਾਰੀਆਂ ਗ੍ਰਾਂਟਾ ਦਿੱਤੀਆਂ ਤਾਂ ਜੋ ਨੌਜਵਾਨ ਵਰਗ ਨੂੰ ਨਸ਼ਿਆਂ ਵਰਗੇ ਕੋਹੜ ਤੋਂ ਬਚਾ ਕੇ ਖੇਡ ਦੇ ਮੈਦਾਨ ਵਿਚ ਲਿਆਂਦਾ ਜਾ ਸਕੇ। ਉਨ੍ਹਾਂ ਨੇ ਆਪਣੇ ਪਿੰਡ ਜਲਾਲਪੁਰ ਦੇ ਬੱਚਿਆਂ ਦੀ ਮੰਗ ਨੂੰ ਪੂਰੀ ਕਰਦੇ ਹੋਏ ਸਟੇਡੀਅਮ ਵਿਚ ਖੇਡਣ ਆਉਂਦੇ ਬੱਚਿਆਂ ਲਈ ਕ੍ਰਿਕਟ ਅਤੇ ਬਾਲੀਵਾਲ ਦਾ ਖੇਡਾਂ ਦਾ ਸਾਮਾਨ ਲਿਆ ਕੇ ਦਿੱਤਾ।

ਭੁੰਗਰਨੀ ਵਿਖੇ ਨਗਰ ਕੀਰਤਨ ਅੱਜ

ਮੇਹਟਿਆਣਾ, (ਜਗਤਾਰ ਸਿੰਘ ਭੁੰਗਰਨੀ)-ਇਤਿਹਾਸਿਕ ਪਿੰਡ ਭੁੰਗਰਨੀ ਵਿਖੇ ਪਾਤਸ਼ਾਹੀ ਸੱਤਵੀਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ 395ਵੇਂ ਪ੍ਰਕਾਸ਼ ਪੁਰਬ 31 ਜਨਵਰੀ ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ 14 ਜਨਵਰੀ ਤੋਂ ਲਗਾਤਾਰ ਪ੍ਰਭਾਤ ਫੇਰੀਆਂ ਜਾਰੀ ਹਨ। ਪ੍ਰਭਾਤ ਫੇਰੀ ਦੌਰਾਨ ਭਾਈ ਸੁਖਚੈਨ ਸਿੰਘ ਹੈੱਡ ਗ੍ਰੰਥੀ, ਪ੍ਰਭਾਤ ਫੇਰੀ ਜਥਾ ਆਦਿ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ।29 ਜਨਵਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਨਾਲ ਵਿਸ਼ਾਲ ਨਗਰ ਕੀਰਤਨ ਸਜਾਏ ਜਾ ਰਹੇ ਹਨ।30 ਜਨਵਰੀ ਨੂੰ ਸਵੇਰੇ 10 ਵਜੇ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਬੱਚਿਆਂ ਦਾ ਮੁਫਤ ਮੈਡੀਕਲ ਕੈਂਪ ਵੀ ਲਗਾਇਆ ਜਾ ਰਿਹਾ ਹੈ।ਪ੍ਰਕਾਸ਼ ਪੁਰਬ ਮੌਕੇ ਸਾਲਾਨਾ 37ਵਾਂ ਮਹਾਨ ਕੀਰਤਨ ਦਰਬਾਰ 31 ਜਨਵਰੀ ਨੂੰ 10 ਵਜੇ ਤੋਂ ਸ਼ਾਮ 6 ਵਜੇ ਤੱਕ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ।

ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਦੀ ਮੀਟਿੰਗ 8 ਨੂੰ

ਜਲੰਧਰ (ਰਾਜੇਸ਼ ਥਾਪਾ)- ਪੰਜਾਬ ਦੇ ਸਕੂਲਾਂ ਵਿੱਚ ਕੰਮ ਕਰਦੀਆਂ ਕੁੱਕ ਵਰਕਰਾਂ ਦੀ ਜਥੇਬੰਦੀ ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ 8 ਫਰਵਰੀ ਦਿਨ ਸ਼ਨੀਵਾਰ ਨੂੰ 11:00 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਬੁਲਾਈ ਗਈ ਹੈ।ਯੂਨੀਅਨ ਦੀ ਸੂਬਾ ਪ੍ਰਧਾਨ ਬਿਮਲਾ ਦੇਵੀ ਫਾਜ਼ਿਲਕਾ ਅਤੇ ਸੂਬਾ ਜਨਰਲ ਸਕੱਤਰ ਕਮਲਜੀਤ ਕੌਰ ਹੁਸ਼ਿਆਰਪੁਰ ਨੇ ਦੱਸਿਆ ਕਿ ਜਦੋਂ ਦੀ ਪੰਜਾਬ ਵਿੱਚ ਭਗਵੰਤ ਮਾਨ ਦੀ ਸਰਕਾਰ ਬਣੀ ਹੈ ਉਸ ਸਮੇਂ ਤੋਂ ਮਿੱਡ ਡੇ ਮੀਲ ਵਰਕਰਾਂ ਨੂੰ ਲਾਰੇ ਲੱਪੇ ਲਾ ਕੇ ਹੀ ਡੰਗ ਟਪਾਈ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ ਵਾਰ ਵਾਰ ਮੀਟਿੰਗਾਂ ਦੇ ਕੇ ਕਿਸੇ ਵੀ ਮਸਲੇ ਦਾ ਹੱਲ ਨਹੀਂ ਕੱਢਿਆ ਜਾ ਰਿਹਾ।ਜਿਸ ਕਾਰਨ ਹੋਰਨਾਂ ਮੁਲਾਜ਼ਮਾਂ ਵਾਂਗ ਇਹਨਾਂ ਵਰਕਰਾਂ ਅੰਦਰ ਵੀ ਸਰਕਾਰ ਪ੍ਰਤੀ ਗੁੱਸਾ ਪਾਇਆ ਜਾ ਰਿਹਾ ਹੈ। ਸਰਕਾਰ ਇਹਨਾਂ ਮੁਲਾਜ਼ਮਾਂ ਨੂੰ ਨਾ ਤਾਂ ਪੱਕੇ ਹੀ ਕਰ ਰਹੀ ਹੈ ਅਤੇ ਨਾ ਹੀ ਇਹਨਾਂ ਦੀਆਂ ਉਜਰਤਾਂ ਵਿੱਚ ਕੋਈ ਵਾਧਾ ਕੀਤਾ ਜਾ ਰਿਹਾ ਹੈ ।ਉਹਨਾਂ ਦੱਸਿਆ ਕਿ 8 ਫਰਵਰੀ ਨੂੰ ਸੂਬਾ ਪੱਧਰੀ ਮੀਟਿੰਗ ਕਰਕੇ ਆਉਣ ਵਾਲੇ ਦਿਨਾਂ ਅੰਦਰ ਕੀਤੇ ਜਾਣ ਵਾਲੇ ਸੰਘਰਸ਼ਾਂ ਦੀ ਰੂਪ ਰੇਖਾ ਉਲੀਕੀ ਜਾਵੇਗੀ।

ਨਾਇਬ ਸਰਕਾਰ ਨੇ 100 ਦਿਨਾਂ 'ਚ ਲਏ ਜਨ-ਭਲਾਈ ਫ਼ੈਸਲੇ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਮੌਜੂਦਾ ਸੂਬਾ ਸਰਕਾਰ ਨੇ ਜਨ ਸੇਵਾ ਦੀ ਜ਼ਿੰਮੇਵਾਰੀ ਸੰਭਾਲਦੇ ਹੀ ਪਹਿਲੇ 100 ਦਿਨਾਂ ਵਿੱਚ ਤਿੰਨ ਗੁਣਾ ਗਤੀ ਨਾਲ ਕੰਮ ਕਰਦੇ ਹੋਏ 18 ਸੰਕਲਪ ਪੂਰੇ ਕਰ ਲਏ ਹਨ ਅਤੇ 6 ਸੰਕਲਪਾਂ 'ਤੇ ਕੰਮ ਤੇਜ਼ੀ ਨਾਲ ਜਾਰੀ ਹੈ। ਨਾਲ ਹੀ, 50 ਹੋਰ ਸੰਕਲਪਾਂ ਨੂੰ ਪੂਰਾ ਕਰਨ ਦੀ ਪ੍ਰਸ਼ਾਸਕੀ ਅਤੇ ਵਿੱਤੀ ਅਨੁਮੋਦਨ ਦੀ ਪ੍ਰਕਿਰਿਆਵਾਂ ਵੀ ਜਾਰੀ ਹਨ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਕੀਤੇ ਗਏ ਇਹ ਕੰਮ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਸਾਲ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਨਾਉਣ ਵਿਚ ਹਰਿਆਣਾ ਦੇ ਅਹਿਮ ਯੋਗਦਾਨ ਦੀ ਸ਼ਸ਼ਕਤ ਨੀਂਹ ਪੱਥਰ ਸਾਬਿਤ ਹੋਵੇਗਾ।ਮੁੱਖ ਮੰਤਰੀ ਇੱਥੇ ਹਰਿਆਣਾ ਸਰਕਾਰ ਦੇ ਤੀਜੇ ਕਾਰਜਕਾਲ ਦੇ 100 ਦਿਨ ਪੂਰੇ ਹੋਣ ਦੇ ਮੌਕੇ ਵਿਚ ਪ੍ਰੰਬਧਿਤ ਪ੍ਰੈਸ ਕਾਨਫ਼ਰੈਂਸ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ 'ਤੇ ਕੈਬਨਿਟ ਮੰਤਰੀ ਅਨਿਲ ਵਿਜ, ਵਿਪੁਲ ਗੋਇਲ, ਸ਼ਿਆਮ ਸਿੰਘ ਰਾਣਾ, ਰਣਬੀਰ ਗੰਗਵਾ, ਸ੍ਰੀਮਤੀ ਸ਼ਰੂਤੀ ਚੌਧਰੀ ਅਤੇ ਵਿਧਾਨ ਸਭਾ ਡਿਪਟੀ ਸਪੀਕਰ ਡਾ. ਕ੍ਰਿਸ਼ਨ ਲਾਲ ਮਿੱਢਾ ਮੌਜੂਦ ਸਨ।ਸਾਲ 2014 ਤੋਂ ਪਹਿਲਾਂ ਹਰਿਆਣਾ ਰਾਜਨੀਤਿਕ ਰੂਪ ਨਾਲ ਪਰਵਾਰਵਾਦ, ਖੇਤਰਵਾਦ ਅਤੇ ਭੇਦਭਾਵ ਵਰਗੀ ਬੀਮਾਰੀਆਂ ਤੋਂ ਗ੍ਰਸਤ ਸੀ। ਮੁੱਖ ਮੰਤਰੀ ਨੇ ਕਿਹਾ ਕਿ ਸਾਲ 2014 ਤੋਂ ਪਹਿਲਾਂ ਹਰਿਆਣਾ ਰਾਜਨੀਤਕ ਰੂਪ ਨਾਲ ਪਰਵਾਰਵਾਦ, ਖੇਤਰਵਾਦ ਅਤੇ ਭੇਦਭਾਵ ਵਰਗੀ ਬੀਮਾਰੀਆਂ ਤੋਂ

29- jan- PAGE 9.qxd 1/28/2025 11:10 PM Page 1

ਪ ਸ ਸ ਫ ਵੱਲੋਂ ਭਲਕ ਦੀਆਂ ਜ਼ਿਲ੍ਹਾ ਪੱਧਰੀ ਮੀਟਿੰਗਾਂ 'ਚ ਭਾਗ ਲੈਣ ਦਾ ਫੈਸਲਾ

ਜਲੰਧਰ (ਰਾਜੇਸ਼ ਥਾਪਾ)-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਜਲੰਧਰ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਪੁਸ਼ਪਿੰਦਰ ਕੁਮਾਰ ਵਿਰਦੀ ਦੀ ਪ੍ਰਧਾਨਗੀ ਹੇਠ ਜਲੰਧਰ ਵਿਖੇ ਕੀਤੀ ਗਈ।ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਅਤੇ ਕੁੱਲ ਹਿੰਦ ਰਾਜ ਸਰਕਾਰੀ ਮੁਲਾਜ਼ਮ ਫੈਡਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਤੀਰਥ ਸਿੰਘ ਬਾਸੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦਿਨ ਪ੍ਰਤੀ ਦਿਨ ਕੀਤੇ ਗਏ ਵਾਅਦਿਆਂ ਨੂੰ ਲਾਗੂ ਕਰਨ ਵਿੱਚ ਆਨੇ ਬਹਾਨੇ ਬਣਾ ਕੇ ਡੰਗ ਟਪਾਈ ਕਰ ਰਹੀ ਹੈ। ਉਹਨਾਂ ਕਿਹਾ ਜਿੱਥੇ ਪੰਜਾਬ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਬਣਾ ਕੇ ਫਰਵਰੀ ਅਤੇ ਮਾਰਚ ਮਹੀਨੇ ਦੌਰਾਨ ਸੰਘਰਸ਼ ਕੀਤਾ ਜਾ ਰਿਹਾ ਹੈ ,ਉੱਥੇ ਨਾਲ ਦੀ ਨਾਲ ਕੇਂਦਰ ਸਰਕਾਰ ਦੀਆਂ ਨੀਤੀਆਂ ਦੇ ਖ਼ਿਲਾਫ਼ ਵੀ ਪੂਰੇ ਭਾਰਤ ਅੰਦਰ 7 ਅਤੇ 8 ਫਰਵਰੀ ਨੂੰ ਜ਼ਿਲ੍ਹਾ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਜ਼ਲ੍ਹਾ ਕਾਰਜਕਾਰੀ ਸਕੱਤਰ ਪ੍ਰੇਮ ਖਲਵਾੜਾ ਨੇ ਦੱਸਿਆ ਕਿ ਧਰਨਿਆਂ ਨੂੰ ਕਾਮਯਾਬ ਕਰਨ, ਮੁਲਾਜ਼ਮ ਲਹਿਰ ਪਰਚੇ ਨੂੰ ਵਧਾਉਣ ਅਤੇ ਜਥੇਬੰਦੀ ਦੇ ਸਾਲ 2025 ਦੇ ਕੈਲੰਡਰ ਦੇ ਬਕਾਏ ਜਮ੍ਹਾਂ ਕਰਵਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ,ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੰਘਰਸ਼, ਕੰਪਿਊਟਰ ਅਧਿਆਪਕਾਂ ਦੇ ਅੰਦੋਲਨ ਸਬੰਧੀ,ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਵੱਲੋਂ ਕੀਤੀ ਜਾ ਰਹੀ ਭੁੱਖ ਹੜਤਾਲ ਸਬੰਧੀ ਅਤੇ ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਦੇ ਸੰਘਰਸ਼ ਵਿੱਚ ਪੂਰਨ ਸਹਿਯੋਗ ਕਰਨ ਦਾ ਫੈਸਲਾ ਕੀਤਾ ਗਿਆ।

ਮੀਟਿੰਗ ਵਿੱਚ ਕਰਨੈਲ ਫਿਲੌਰ, ਕੁਲਦੀਪ ਵਾਲੀਆ, ਬਲਵਿੰਦਰ ਕੁਮਾਰ, ਤਾਰਾ ਸਿੰਘ ਬੀਕਾ,ਸੰਦੀਪ ਰਾਜੋਵਾਲ, ਸੁਖਵਿੰਦਰ ਰਾਮ, ਸੂਰਜ ਕੁਮਾਰ,ਪ੍ਰਕਾਸ਼,ਬਲਬੀਰ ਸਿੰਘ, ਕੁਲਵੰਤ ਰਾਮ ਰੁੜਕਾ, ਓਮ ਪ੍ਰਕਾਸ਼, ਕਰਮਜੀਤ ਆਦਮਪੁਰ, ਮਨਦੀਪ ਸਿੰਘ, ਅਸ਼ੋਕ ਕੁਮਾਰ ,ਰਤਨ ਸਿੰਘ ਅਤੇ ਕੁਲਦੀਪ ਸਿੰਘ ਕੌੜਾ ਹਾਜ਼ਰ ਸਨ।

ਇਸਤਰੀ ਜਾਗ੍ਰਿਤੀ ਮੰਚ ਵੱਲੋਂ ਕਾਲ਼ੇ ਝੰਡਿਆਂ ਨਾਲ ਪ੍ਰਦਰਸ਼ਨ

ਪ੍ਰਸ਼ਾਸਨ ਨੂੰ ਕਸੂਰਵਾਰਾਂ ਖਿਲਾਫ਼ ਪਰਚਾ ਕਰਨਾ ਪਿਆ ਦਰਜ

ਜਲੰਧਰ : ਇਸਤਰੀ ਜਾਗ੍ਰਿਤੀ ਮੰਚ ਵਲੋਂ ਕਮਿਸ਼ਨਰੇਟ ਪੁਲਸ ਦੇ ਥਾਣਾ ਭਾਰਗੋ ਕੈਂਪ ਪੁਲਸ ਦੁਆਰਾ ਬਜ਼ੁਰਗ ਔਰਤ ਕੁਲਦੀਪ ਕੌਰ ਪਤਨੀ ਤਰਸੇਮ ਸਿੰਘ ਵਾਸੀ ਨਿਊ ਦਸਮੇਸ਼ ਨਗਰ ਥਾਣਾ ਭਾਰਗੋਂ ਕੈਂਪ ਜਲੰਧਰ ਦੇ ਮਾਲਕੀ ਘਰ ਉੱਪਰ ਰਾਤ ਦੇ ਹਨ੍ਹੇਰੇ ਵਿੱਚ ਨਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਖਿਲਾਫ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਨਾ ਕਰਨ ਅਤੇ ਪੁਲਸ ਵਲੋਂ ਪੀੜਤ ਪਰਵਾਰ ਦੀ ਕੀਤੀ ਜਾ ਰਹੀ ਖੱਜਲਖੁਆਰੀ ਦੇ ਰੋਸ ਵਜੋਂ ਗਣਤੰਤਰ ਦਿਵਸ ਮੌਕੇ ਕਾਲ਼ੇ ਝੰਡਿਆਂ ਨਾਲ ਪ੍ਰਦਰਸ਼ਨ ਕੀਤਾ ਗਿਆ।ਇਸਤਰੀ ਜਾਗ੍ਰਿਤੀ ਮੰਚ ਦੀ ਅਗਵਾਈ ਹੇਠ ਔਰਤਾਂ ਜਿਉਂ ਹੀ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੱਥਾਂ ਵਿੱਚ ਕਾਲ਼ੇ ਝੰਡੇ ਲੈ ਕੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਲਈ ਰਵਾਨਾ ਹੋਣ ਲੱਗੀਆਂ ਤਾਂ ਕਮਿਸ਼ਨਰੇਟ ਪੁਲਸ ਦੇ ਅਧਿਕਾਰੀ ਹਰਕਤ ਵਿੱਚ ਆਏ ਅਤੇ ਇਸਤਰੀ ਆਗੂਆਂ ਨਾਲ ਏਸੀਪੀ ਬਰਜਿੰਦਰ ਸਿੰਘ,ਏਸੀਪੀ ਨਿਰਮਲ ਸਿੰਘ ਅਤੇ ਐਸ ਐਚ ਓ ਡਵੀਜ਼ਨ ਨੰਬਰ 4 ਵਲੋਂ ਕਈ ਦੌਰ ਦੀ ਗੱਲਬਾਤ ਉਪਰੰਤ ਆਖ਼ਰ ਪੁਲਸ ਨੂੰ ਥਾਣਾ ਭਾਰਗੋ ਕੈਂਪ ਵਿਖੇ ਮੁਕੱਦਮਾ ਨੰਬਰ 17 ਮਿਤੀ 26.01.2025 ਦਰਜ ਕਰਕੇ ਕਸੂਰਵਾਰਾਂ ਨੂੰ ਹਿਰਾਸਤ ਲੈਣਾ ਪਿਆ ਤਾਂ ਜਾ ਕੇ ਔਰਤਾਂ ਸ਼ਾਂਤ ਹੋਈਆਂ।ਪ੍ਰਦਰਸ਼ਨ ਉਪਰੰਤ ਔਰਤ ਆਗੂਆਂ ਨੇ ਕਈ ਮਹੀਨਿਆਂ ਤੋਂ ਦਰ ਦਰ ਦੀਆਂ ਠੋਕਰਾਂ ਖਾ ਰਹੀ ਪੀੜਤ ਬਜ਼ੁਰਗ ਔਰਤ ਨੂੰ ਤਾਲਾ ਤੋੜ ਕੇ ਉਸ ਨੂੰ ਪਰਵਾਰ ਸਮੇਤ ਉਸਦੇ ਘਰ ਵਿੱਚ ਪ੍ਰਵੇਸ਼ ਕਰਵਾਇਆ ਗਿਆ।ਇਸ ਸਮੇਂ ਇਸਤਰੀ ਜਾਗ੍ਰਿਤੀ ਮੰਚ ਦੀ ਸੂਬਾਈ ਪ੍ਰੈਸ ਸਕੱਤਰ ਜਸਵੀਰ ਕੌਰ ਜੱਸੀ ਅਤੇ ਜ਼ਿਲ੍ਹਾ ਆਗੂ ਮੈਡਮ ਨਿਰਮਲਜੀਤ ਕੌਰ ਨੇ ਕਿਹਾ ਕਿ ਅਗਸਤ 2024 ਨੂੰ 76 ਸਾਲਾਂ ਬਜ਼ੁਰਗ ਔਰਤ ਕੁਲਦੀਪ ਪਤਨੀ ਤਰਸੇਮ ਸਿੰਘ ਨੇ ਪੁਲਸ ਕਮਿਸ਼ਨਰ ਨੂੰ ਲਿਖ਼ਤੀ ਦਰਖ਼ਾਸਤ ਦੇ ਕੇ ਦੱਸਿਆ ਕਿ 95-ਡੀ ਨਿਊ ਦਸਮੇਸ਼ ਨਗਰ ਜਲੰਧਰ ਵਿਖੇ ਉਸਦਾ ਮਾਲਕੀ ਘਰ ਹੈ।ਜਿਸਦੀ ਰਜਿਸਟਰੀ ਵੀ ਉਸਦੇ ਨਾਂਅ ਪਰ ਹੈ। ਉਸਦੇ ਪੰਜ ਬੱਚੇ ਹਨ। ਉਹਨਾਂ ਦਾ ਵੱਡਾ ਲੜਕਾ ਪਰਮਜੀਤ ਸਿੰਘ ਅਤੇ ਉਸਦੀ ਪਤਨੀ ਉਹਨਾਂ ਦੇ ਕਹਿਣੇਕਾਰ ਵਿੱਚ ਨਹੀਂ ਸਨ ਅਤੇ ਨਾ ਹੀ ਉਹ ਉਹਨਾਂ ਦੀ ਬੁਢਾਪੇ ਵਿੱਚ ਬਣਦੀ ਸੇਵਾ ਸੰਭਾਲ਼ ਕਰਦੇ ਸਨ।ਜਿਸ ਕਾਰਨ ਦਸੰਬਰ 2022 ਦੌਰਾਨ ਉਹਨਾਂ ਨੂੰ ਬੇਦਖ਼ਲ ਕਰ ਦਿੱਤਾ ਗਿਆ ਸੀ। ਮਿਤੀ 25 ਜੁਲਾਈ 2024 ਦੀ ਰਾਤ 12 ਵਜੇ ਉਹਨਾਂ ਦਾ ਲੜਕਾ ਪਰਮਜੀਤ ਸਿੰਘ,ਉਸਦੀ ਪਤਨੀ ਅਤੇ ਕੁੱਝ ਹੋਰ ਲੋਕਾਂ ਨੇ ਉਹਨਾਂ ਦੇ ਉਕਤ ਘਰ ਦੇ ਤਾਲੇ ਤੋੜ ਕੇ ਨਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਉਹਨਾਂ ਵਲੋਂ ਵਿਰੋਧ ਕਰਨ 'ਤੇ ਉਹ ਮੌਕੇ ਤੋਂ ਦੌੜ ਗਏ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਗਏ ਅਤੇ ਉਹ ਉਹਨਾਂ ਨੂੰ ਬੁਢਾਪੇ ਵਿੱਚ ਵੀ ਅਮਨ ਚੈਨ ਨਾਲ ਜ਼ਿੰਦਗੀ ਜਿਊਣ ਨਹੀਂ ਦੇ ਰਹੇ ਅਤੇ ਉਹਨਾਂ ਦੇ ਘਰ ਉੱਪਰ ਨਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਸ ਦਿਨ ਤੋਂ ਉਹਨਾਂ ਨੂੰ ਉਹਨਾਂ ਦੇ ਆਪਣੇ ਮਾਲਕੀ ਘਰ ਵਿੱਚ ਦਾਖ਼ਲ ਵੀ ਨਹੀਂ ਹੋਣ ਦੇ ਰਹੇ ਸਨ।ਔਰਤ ਆਗੂਆਂ ਨੇ ਕਿਹਾ ਕਿ ਅਗਸਤ ਮਹੀਨੇ ਤੋਂ ਭਾਰਗੋ ਕੈਂਪ ਥਾਣੇ ਤੋਂ ਲੈ ਕੇ ਸੀਪੀ ਦਫ਼ਤਰ ਤੱਕ ਧੱਕੇ ਖਾਣ ਉਪਰੰਤ ਵੀ ਪੀੜਤ ਪਰਿਵਾਰ ਨੂੰ ਵਾਅਦਿਆਂ ਦੇ ਬਾਵਜੂਦ ਨਿਆਂ ਦੇਣ ਲਈ ਪੁਲਿਸ ਤੰਤਰ ਤਿਆਰ ਨਹੀਂ ਹੋ ਰਿਹਾ ਸੀ। ਭਾਰਗੋ ਕੈਂਪ ਪੁਲਿਸ ਸਿਆਸੀ ਦਬਾਅ ਕਾਰਨ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਨਹੀਂ ਕਰ ਰਹੀ ਸੀ। ਜਿਸ ਕਾਰਨ ਮਜ਼ਬੂਰਨ ਜੱਥੇਬੰਦੀ ਨੂੰ ਸੰਘਰਸ਼ ਦਾ ਰਸਤਾ ਅਖ਼ਤਿਆਰ ਕਰਨਾ ਪਿਆ।ਥਾਣਾ ਮੁੱਖੀ ਦੇ ਔਰਤ ਵਿਰੋਧੀ ਰਵੱਈਏ ਅਤੇ ਕਸੂਰਵਾਰਾਂ ਦਾ ਪੱਖ ਪੂਰਨ ਅਤੇ ਉੱਚ ਅਧਿਕਾਰੀਆਂ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰਨ 'ਤੇ ਜਥੇਬੰਦੀ ਨੂੰ ਇੱਕ ਘੰਟੇ ਤੋਂ ਵੱਧ ਸਮਾਂ ਭਾਰਗੋ ਕੈਂਪ ਥਾਣੇ ਸਾਹਮਣੇ ਵੀ ਧਰਨਾ ਪ੍ਰਦਰਸ਼ਨ ਕਰਨਾ ਪਿਆ ਅਤੇ ਅਧਿਕਾਰੀਆਂ ਦੇ ਦਖ਼ਲ ਉਪਰੰਤ ਮੁਕੱਦਮਾ ਦਰਜ ਕਰਕੇ ਉਸਦੀ ਕਾਪੀ ਧਰਨਾਕਾਰੀਆਂ ਨੂੰ ਦੇਣੀ ਪਈ।ਜਥੇਬੰਦੀ ਵਲੋਂ ਥਾਣਾ ਭਾਰਗੋ ਕੈਂਪ ਵਿਖੇ ਇੱਕ ਨੌਜਵਾਨ ਲੜਕੀ ਨੂੰ ਕੁੱਟਮਾਰ ਕਰਨ ਅਤੇ ਬਲੈਕਮੇਲ ਕਰਕੇ ਉਸ ਨਾਲ ਸ਼ਰੀਰਕ ਸੰਬੰਧ ਬਣਾਉਣ ਲਈ ਮਜ਼ਬੂਰ ਕਰਨ ਵਾਲੇ ਵਿਅਕਤੀ ਖਿਲਾਫ਼ ਕਾਰਵਾਈ ਕਰਨ ਦੀ ਮੰਗ ਵੀ ਕੀਤੀ ਗਈ ਤਾਂ ਮੀਟਿੰਗ ਦੌਰਾਨ ਹਾਜ਼ਰ ਏਸੀਪੀ ਬਰਜਿੰਦਰ ਸਿੰਘ ਨੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ।ਜਥੇਬੰਦੀ ਨੇ ਚੇਤਾਵਨੀ ਦਿੱਤੀ ਕਿ ਜੇਕਰ ਅੱਜ ਤੋਂ ਬਾਅਦ ਬਜ਼ੁਰਗ ਔਰਤ ਨੂੰ ਕਿਸੇ ਵੀ ਸਹਿ ਪਰ ਤੰਗ ਪ੍ਰੇਸ਼ਾਨ ਕੀਤਾ ਗਿਆ ਤਾਂ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ।ਇਸ ਸਮੇਂ ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾਈ ਸਕੱਤਰ ਜਸਵੀਰ ਕੌਰ ਜੱਸੀ, ਜ਼ਿਲ੍ਹਾ ਆਗੂਆਂ ਮੈਡਮ ਨਿਰਮਲਜੀਤ ਕੌਰ, ਬਲਵਿੰਦਰ ਕੌਰ ਘੁੱਗ, ਦਿਲਜੀਤ ਕੌਰ ਪਾੜਾ , ਕੁਲਵੰਤ ਕੌਰ ਪੱਬਵਾਂ, ਕਲਪਨਾ,ਪੰਜਾਬ ਸਟੂਡੈਂਟਸ ਯੂਨੀਅਨ ਦੇ ਰਮਨਦੀਪ ਕੌਰ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਪਰਮਜੀਤ ਕੌਰ ਮੀਕੋ ਤੇ ਸਰਬਜੀਤ ਕੌਰ ਕੁੱਦੋਵਾਲ ਆਦਿ ਨੇ ਸੋਬੋਧਨ ਕੀਤਾ।

ਨਸ਼ੀਲੀਆਂ ਗੋਲੀਆਂ ਸਮੇਤ ਦੋ ਔਰਤਾਂ ਕਾਬੂ

ਫ਼ਿਲੌਰ (ਨਿਰਮਲ) ਇੰਸਪੈਕਟਰ ਸੰਜੀਵ ਕਪੂਰ ਥਾਣ ਮੁਖੀ ਫ਼ਿਲੌਰ ਨੇ ਦੱਸਿਆ ਕਿ ਫ਼ਿਲੌਰ ਪੁਲਿਸ ਨੇ ਨਾਕਾ ਬੰਦੀ ਦੌਰਾਨ ਦੋ ਔਰਤਾਂ ਨੂੰ ਸ਼ੱਕੀ ਹਾਲਤ ਵਿੱਚ ਕਾਬੂ ਕੀਤਾ, ਜੋ ਪੁਲਸ ਪਾਲਟੀ ਨੂੰ ਦੇਖਕੇ ਘਬਰਾ ਗਈਆਂ।ਉਨ੍ਹਾਂ ਨੇ ਇਕ ਮੋਮੀ ਲਿਫ਼ਾਫ਼ਾ ਸੁਟ ਕੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਪਾਰਟੀ ਨੇ ਦੋਵਾਂ ਨੂੰ ਕਾਬੂ ਕਰ ਲਿਆ। ਲਿਫ਼ਾਫ਼ੇ 'ਚੋਂ 57 ਨਸ਼ੀਲੀਆਂ ਗੋਲੀਆਂ ਬਰਬਦ ਹੋਈਆਂ।ਦੋਵਾਂ ਵਿਰੁੱਧ ਥਾਣਾ ਫ਼ਿਲੌਰ ਵਿਖੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ ।

ਬੇਕਾਬੂ ਅਰੈਟਿਕਾ ਗੱਡੀ ਬਜ਼ੁਰਗ 'ਤੇ ਜਾ ਚੜ੍ਹੀ, ਮੌਕੇ 'ਤੇ ਹੋਈ ਮੌਤ

ਬਲਾਚੌਰ (ਜਸਵਿੰਦਰ ਬੈਂਸ) ਪਿੰਡ ਗੜੀ ਕਾਨੂੰਗੋ ਵਿਖੇ ਬੇਕਾਬੂ ਅਰੈਟਿਕਾ ਗੱਡੀ ਇੱਕ ਵਿਅਕਤੀ 'ਤੇ ਚੜਨ ਨਾਲ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਧਰਮਵੀਰ ਸਿੰਘ (64) ਪੁੱਤਰ ਦੇਵੀ ਦਾਸ ਵਾਸੀ ਮਹਿਤਪੁਰ ਉਲੱਦਣੀ ਦੇ ਪੁੱਤਰ ਸਰਬਜੀਤ (ਮੰਗਾ) ਨੇ ਦੱਸਿਆ ਕਿ ਉਸ ਦੇ ਪਿਤਾ ਧਰਮਵੀਰ ਸਿੰਘ ਸਵੇਰੇ ਲਗਭਗ 6 ਵਜੇ ਸੜਕ ਦੇ ਕਿਨਾਰੇ ਬਣੇ ਆਪਣੇ ਘਰ ਦੇ ਅੱਗੇ ਝਾੜੂ ਫੇਰ ਰਹੇ ਸੀ ਤਾਂ ਅਚਾਨਕ ਚੰਡੀਗੜ੍ਹ ਵਾਲੀ ਸਾਈਡ ਤੋਂ ਆ ਰਹੀ ਅਰੈਟਿਕਾ ਗੱਡੀ ਨੰਬਰ ਪੀ ਬੀ 01 ਡੀ 1033 ਅਣਪਛਾਤੇ ਚਾਲਕ ਵੱਲੋਂ ਬੇਕਾਬੂ ਹੋਣ 'ਤੇ ਅਚਾਨਕ ਉਨ੍ਹਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਸਿਰ ਵਿੱਚ ਜਿਆਦਾ ਸੱਟ ਲੱਗਣ ਕਾਰਨ ਉਹ ਗੰਭੀਰ ਜਖਮੀ ਹੋ ਗਏ।ਗੱਡੀ 'ਚ ਸਵਾਰ ਚਾਰੋਂ ਅਣਪਛਾਤੇ ਵਿਅਕਤੀ ਮੌਕੇ ਵਾਲੇ ਥਾਂ ਤੋਂ ਫਰਾਰ ਹੋ ਗਏ। ਇਸ ਤੋਂ ਪਹਿਲਾਂ ਕਿ ਉਸ ਦੇ ਪਿਤਾ ਨੂੰ ਹਸਪਤਾਲ ਲਿਜਾਇਆ ਜਾਂਦਾ ਉਹ ਦਮ ਤੋੜ ਗਏ। ਇਸ ਘਟਨਾ ਸਬੰਧੀ ਥਾਣਾ ਸਿਟੀ ਬਲਾਚੌਰ ਦੀ ਪੁਲਸ ਨੂੰ ਸੂਚਿਤ ਕੀਤਾ ਗਿਆ ਜਿਸ 'ਤੇ ਪੁਲਸ ਨੇ ਮੌਕਾ ਵੇਖਣ ਉਪਰੰਤ ਸੰਬੰਧਿਤ ਗੱਡੀ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

ਸਰਕਾਰ ਤੁਹਾਨੂੰ ਬਹੁਤ ਜਲਦ ਰੈਗੂਲਰ ਕਰਨ ਜਾ ਰਹੀ ਹੈ : ਅਰੋੜਾ

ਜਲੰਧਰ (ਰਾਜੇਸ਼ ਥਾਪਾ)—ਸੂਬਾ ਕਮੇਟੀ ਵੱਲੋਂ 26 ਜਨਵਰੀ ਦੇ ਦਿੱਤੇ ਪ੍ਰੋਗਰਾਮ ਦੇ ਮੱਦੇਨਜ਼ਰ ਅਤੇ ਮੁਲਾਜ਼ਮਾਂ ਦੇ ਰੋਸ ਨੂੰ ਦੇਖਦੇ ਹੋਏ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸ਼ੋਭਿਤ ਭਗਤ, ਗਗਨਦੀਪ ਸ਼ਰਮਾ ਨੂੰ ਪ੍ਰਸ਼ਾਸਨ ਵੱਲੋਂ ਪੰਜਾਬ ਪ੍ਰਧਾਨ ਤੇ ਕੈਬਿਨੇਟ ਮੰਤਰੀ ਅਮਨ ਅਰੋੜਾ ਨਾਲ ਪੁਲਸ ਲਾਇਨ ਵਿਖੇ ਮਿਲਵਾਇਆ ਗਿਆ, ਜਿਸ ਦੌਰਾਨ ਉਨ੍ਹਾਂ ਵੱਲੋਂ ਮੰਗ ਪੱਤਰ ਦੇਖਦੇ ਹੀ ਕਿਹਾ ਕਿ ਤੁਹਾਡਾ ਕੰਮ ਤਾ ਹੋ ਗਿਆ ਹੈ 'ਸਰਕਾਰ ਤੁਹਾਨੂੰ ਬਹੁਤ ਜਲਦ ਰੈਗੂਲਰ ਕਰਨ ਜਾ ਰਹੀ ਹੈ'। ਸਾਥੀਆਂ ਵੱਲੋਂ ਮੰਤਰੀ ਨੂੰ ਸਬ ਕਮੇਟੀ ਨਾਲ ਮੀਟਿੰਗ ਕਰਵਾਉਣ ਦਾ ਪੱਤਰ ਜਾਰੀ ਕਰਵਾਉਣ ਲਈ ਕਿਹਾ ਗਿਆ। ਉਹਨਾਂ ਵਲੋਂ ਦੱਸਿਆ ਗਿਆ ਕਿ ਕੈਬਨਿਟ ਸਬ ਕਮੇਟੀ ਦੀਆਂ 10 ਤਰੀਕ ਨੂੰ ਹੋਣ ਵਾਲੀਆਂ ਮੀਟਿੰਗਾਂ ਵਿੱਚ ਦਫ਼ਤਰੀਆਂ ਕਰਮਚਾਰੀਆਂ ਦੀ ਮੀਟਿੰਗ ਦਾ ਪੱਤਰ ਜਾਰੀ ਕਰ ਦਿੱਤਾ ਜਾਵੇਗਾ! ਉਹਨਾਂ ਮੌਕੇ 'ਤੇ ਫੋਨ ਕਰਕੇ ਮੀਟਿੰਗ ਦਾ ਪੱਤਰ ਜਾਰੀ ਕਰਨ ਦਾ ਅਧਿਕਾਰੀਆਂ ਨੂੰ ਆਦੇਸ਼ ਦਿੱਤਾ।

ਬਾਬਾ ਸਾਹਿਬ ਡਾ. ਅੰਬੇਡਕਰ ਦਾ ਅਪਮਾਨ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਬਾਲੀ

ਜਲੰਧਰ (ਰਾਜੇਸ਼ ਥਾਪਾ) ਅੰਮ੍ਰਿਤਸਰ ਸ੍ਰੀ ਹਰਮੰਦਰ ਸਾਹਿਬ ਦੇ ਬਿਲਕੁਲ ਨਜ਼ਦੀਕ ਹੈਰੀਟੇਜ ਸਟਰੀਟ 'ਤੇ ਲੱਗੀ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਪ੍ਰਤਿਮਾ ਦਾ ਅਪਮਾਨ ਅਤੇ ਉਸ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਸਬੰਧੀ ਸ੍ਰੀ ਗੁਰੂ ਰਵਿਦਾਸ ਵਿਸ਼ਵ ਮਹਾਂ ਪੀਠ ਪੰਜਾਬ ਦੇ ਪ੍ਰਧਾਨ ਮਨਜੀਤ ਬਾਲੀ ਸੀਨੀਅਰ ਆਗੂ ਭਾਜਪਾ ਪੰਜਾਬ ਨੇ ਪੰਜਾਬ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਕੁਝ ਸ਼ਰਾਰਤੀ ਅਨਸਰ ਕਿਸੇ ਸਾਜ਼ਿਸ਼ ਦੇ ਤਹਿਤ ਆਏ ਦਿਨ ਆਪਸੀ ਭਾਈਚਾਰਕ ਸਾਂਝ ਅਤੇ ਪੰਜਾਬ ਦਾ ਮਾਹੌਲ ਖਰਾਬ ਕਰਨ 'ਚ ਲੱਗੇ ਰਹਿੰਦੇ ਹਨ ਪਤਾ ਨਹੀਂ ਸਰਕਾਰ ਵਲੋਂ ਇਨ੍ਹਾਂ ਉੱਪਰ ਸਖ਼ਤ ਕਾਰਵਾਈ ਕਿਉਂ ਨਹੀਂ ਕੀਤੀ ਜਾਂਦੀ। ਬਾਲੀ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਲਿਤ, ਪੱਛੜਿਆ, ਲਤਾੜਿਆ ਵਰਗ ਦੇ ਮਸੀਹਾ ਹਨ ਕੋਈ ਵੀ ਵਿਅਕਤੀ ਬਾਬਾ ਸਾਹਿਬ ਦਾ ਅਪਮਾਨ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਇਸ ਸਾਰੇ ਮਾਮਲੇ ਦੀ ਪੁਲਸ ਪ੍ਰਸ਼ਾਸਨ ਨੂੰ ਉੱਚ ਪੱਧਰੀ ਜਾਂਚ ਕਰਕੇ ਇਸ ਸਾਜ਼ਿਸ਼ ਪਿੱਛੇ ਕਿਸ ਕਿਸ ਦਾ ਹੱਥ ਹੈ ਦਾ ਪਰਦਾਫਾਸ਼ ਕਰੇ ਤੇ ਮੁਲਜ਼ਮ ਨੂੰ ਸਖਤ ਸਜ਼ਾ ਦੇਵੇ। ਬਾਲੀ ਨੇ ਇਹ ਵੀ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਨੇ ਦੋਸ਼ੀਆਂ ਖਿਲਾਫ ਜਲਦ ਸਖਤ ਕਾਰਵਾਈ ਨਾ ਕੀਤੀ ਤਾਂ ਬਾਬਾ ਸਾਹਿਬ ਡਾ.

29-JAN-PAGE-10.qxd 1/28/2025 10:45 PM Page 1

ਕਿਸਾਨਾਂ-ਮਜ਼ਦੂਰਾਂ ਵਿਰੁੱਧ ਝੂਠੇ ਪਰਚੇ ਰੱਦ ਕੀਤੇ ਜਾਣ : ਵਰਿੰਦਰ ਮੋਮੀ

ਨਾਭਾ (ਵਰਿੰਦਰ ਵਰਮਾ)-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਪਿੰਡ ਜਿਉਂਦ ਦੇ ਜ਼ਮੀਨੀ ਮਸਲੇ ਨੂੰ ਲੈ ਕੇ ਲਾਏ ਗਏ ਪੱਕੇ ਮੋਰਚੇ ਦੀ ਹਮਾਇਤ ਕੀਤੀ ਅਤੇ ਸ਼ੰਘਰਸ਼ਸ਼ੀਲ ਕਿਸਾਨਾਂ-ਮਜ਼ਦੂਰਾਂ ਵਿਰੁੱਧ ਦਰਜ ਕੀਤੇ ਗਏ ਝੂਠੇ ਪੁਲਸ ਕੇਸ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਦਰਜ ਕੀਤੇ ਗਏ ਝੂਠੇ ਕੇਸ ਨੂੰ ਤੁਰੰਤ ਰੱਦ ਕਰਕੇ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਮਸਲਿਆ ਦਾ ਹੱਲ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਜਿਉਂਦ ਦੇ ਮੁਜਾਰੇ ਕਿਸਾਨਾਂ ਦੀਆਂ ਜੱਦੀ ਪੁਸ਼ਤੀ ਜ਼ਮੀਨਾਂ ਅਦਾਲਤੀ ਫੈਸਲੇ ਦੇ ਬਹਾਨੇ ਖੋਹਣ ਦੇ ਹੱਲੇ ਤੋਂ ਇਲਾਵਾ ਨਵੇਂ ਖੇਤੀ ਮੰਡੀਕਰਨ ਨੀਤੀ ਖਰੜੇ ਨੂੰ ਵੀ ਆਮ ਕਿਸਾਨਾਂ ਤੋਂ ਸਾਮਰਾਜੀ ਕਾਰਪੋਰੇਟਾਂ ਰਾਹੀਂ ਜ਼ਮੀਨਾਂ ਹਥਿਆਉਣ ਦਾ ਹੱਲਾ ਹੈ।ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਨੇ ਮੰਗ ਕੀਤੀ ਕਿ ਸਾਮਰਾਜੀ ਕਾਰਪੋਰੇਟਾਂ ਲਈ ਜ਼ਮੀਨਾਂ ਖੋਹਣ ਦਾ ਰਾਹ ਪੱਧਰਾ ਕਰਨ ਵਾਲਾ ਖੇਤੀ ਮੰਡੀਕਰਨ ਨੀਤੀ ਖਰੜਾ ਰੱਦ ਕੀਤਾ ਜਾਵੇ।ਜਿਉਂਦ ਪਿੰਡ ਦੇ ਜੱਦੀ ਪੁਸ਼ਤੀ ਕਾਸ਼ਤਕਾਰ ਮੁਜ਼ਾਰੇ ਕਿਸਾਨਾਂ ਨੂੰ ਕਬਜ਼ੇ ਹੇਠਲੀ ਪੂਰੀ ਜ਼ਮੀਨ ਦੇ ਮਾਲਕੀ ਹੱਕ ਮਾਲ ਸਕੱਤਰੇਤ ਪਟਿਆਲਾ ਦੇ ਸਰਕਾਰੀ ਨੋਟੀਫਿਕੇਸ਼ਨ ਨੰ: 30 ਮਿਤੀ 12-9-1948 (ਸੰਮਤ ਮਿਤੀ 18-5-2005) ਤੇ ਪੰਜਾਬ ਕਬਜ਼ਾਧਾਰੀ ਮੁਜ਼ਾਰਿਆਂ ਨੂੰ ਮਾਲਕੀ ਹੱਕ ਦੇਣ ਸੰਬੰਧੀ ਕਾਨੂੰਨ 1953 ਅਨੁਸਾਰ ਦਿੱਤੇ ਜਾਣ।ਉਕਤ ਕਾਨੂੰਨਾਂ ਦੇ ਦਾਇਰੇ ਵਿੱਚ ਸ਼ਾਮਲ ਅਜਿਹੇ ਕਬਜ਼ਾਧਾਰੀ ਮੁਜ਼ਾਰਿਆਂ ਨੂੰ ਪੰਜਾਬ ਦੇ 700 ਤੋਂ ਵੱਧ ਪਿੰਡਾਂ ਸਮੇਤ ਪੂਰੇ ਦੇਸ਼ ਵਿੱਚ ਇਸੇ ਤਰ੍ਹਾਂ ਦੀ ਲੱਖਾਂ ਏਕੜ ਜ਼ਮੀਨ ਦੇ ਮਾਲਕੀ ਹੱਕ ਦਿੱਤੇ ਜਾਣ।ਪੰਚਾਇਤੀ, ਨਜ਼ੂਲ ਤੇ ਸਰਕਾਰੀ ਜ਼ਮੀਨਾਂ ਉੱਤੇ ਕਾਬਜ਼ ਅਬਾਦਕਾਰ ਕਾਸ਼ਤਕਾਰਾਂ ਤੇ ਰਿਹਾਇਸ਼ੀ ਮਕਾਨਾਂ ਵਾਲੇ ਬੇਜ਼ਮੀਨੇ ਕਿਸਾਨਾਂ ਮਜ਼ਦੂਰਾਂ ਨੂੰ ਸਰਕਾਰੀ ਰਿਕਾਰਡ ਵਿੱਚ ਪੂਰੇ ਸੂਰੇ ਮਾਲਕੀ ਹੱਕ ਦਿੱਤੇ ਜਾਣ।ਜਿਉਂਦ ਪੱਕੇ ਮੋਰਚੇ ਦੇ ਸੰਘਰਸ਼ਸ਼ੀਲ ਕਿਸਾਨਾਂ-ਮਜ਼ਦੂਰਾਂ ਵਿਰੁੱਧ ਦਰਜ ਕੀਤੇ ਗਏ ਝੂਠੇ ਪੁਲਸ ਕੇਸ ਰੱਦ ਕੀਤੇ ਜਾਣ।ਜ਼ਮੀਨੀ ਹੱਦਬੰਦੀ ਕਾਨੂੰਨ ਸਖ਼ਤੀ ਨਾਲ ਲਾਗੂ ਕਰਕੇ ਵੱਡੇ ਜਗੀਰਦਾਰਾਂ ਦੀਆਂ ਫਾਲਤੂ ਜ਼ਮੀਨਾਂ ਥੁੜ੍ਹ ਰਮੀਨੇ ਤੇ ਬੇਜ਼ਮੀਨੇ ਕਿਸਾਨਾਂ ਮਜ਼ਦੂਰਾਂ ਵਿੱਚ ਵੰਡੀਆਂ ਜਾਣ।

ਸਮਾਨ ਚੋਰੀ ਦੇ ਦੋਸ਼ ਹੇਠ ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)-ਥਾਣਾ ਸਦਰ ਪੁਲਸ ਨੇ ਘਰ 'ਚ ਸਾਮਾਨ ਚੋਰੀ ਕਰਨ ਦੇ ਦੋਸ਼ ਹੇਠ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਤਰਸੇਮ ਸਿੰਘ ਵਾਸੀ ਝੋਰੜ ਨੇ ਦੱਸਿਆ ਕਿ ਉਸਦਾ ਭਰਾ ਕਾਲਾ ਸਿੰਘ ਆਪਣੀ ਭੈਣ ਕੋਲ ਗਿਆ ਹੋਇਆ ਸੀ ਤੇ ਘਰ ਦੀ ਦੇਖ-ਰੇਖ ਲਈ ਉਸ ਨੂੰ ਕਹਿ ਗਿਆ ਸੀ। ਉਸਨੇ ਦੱਸਿਆ ਕਿ 22 ਜਨਵਰੀ ਨੂੰ ਉਹ ਆਪਣੇ ਭਰਾ ਕਾਲਾ ਸਿੰਘ ਦੇ ਘਰ ਗਿਆ ਤਾਂ ਸਭ ਕੁੱਝ ਠੀਕ ਠਾਕ ਸੀ ਅਤੇ 26 ਜਨਵਰੀ ਨੂੰ ਜਦੋਂ ਉਹ ਫ਼ਿਰ ਆਪਣੇ ਭਰਾ ਦੇ ਘਰ ਗੇੜਾ ਮਾਰਨ ਗਿਆ ਤਾਂ ਘਰ ਵਿਚ ਜਾ ਕੇ ਉਸ ਨੇ ਦੇਖਿਆ ਕਿ ਉਸਦੇ ਭਰਾ ਦੇ ਘਰ ਦੀ ਪਾਣੀ ਵਾਲੀ ਮੋਟਰ, ਇੱਕ ਬੱਠਲ, ਇੱਕ ਬਾਲਟੀ ਤੇ ਇੱਕ ਪਤੀਲਾ ਘਰੋਂ ਗਾਇਬ ਸੀ, ਜਿਸ ਨੂੰ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ ਤਾਂ ਬਾਅਦ ਵਿਚ ਉਨ੍ਹਾਂ ਨੂੰ ਪਤਾ ਲੱਗਿਆ ਕਿ ਇਹ ਸਮਾਨ ਉਦੈ ਸਿੰਘ ਵਾਸੀ ਝੋਰੜ ਨੇ ਚੋਰੀ ਕੀਤਾ ਹੈ। ਪੁਲਸ ਨੇ ਬਿਆਨਾਂ ਦੇ ਆਧਾਰ 'ਤੇ ਮੁਕੱਦਮਾ ਨੰ.05 ਧਾਰਾ 303(2),(305)(ਏ) ਬੀ.ਐਨ.ਐਸ ਤਹਿਤ ਦਰਜ ਕਰਕੇ ਵਿਅਕਤੀ ਨੂੰ ਕਾਬੂ ਕਰ ਲਿਆ ਗਿਆ।

ਰੋਟਰੀ ਕਲੱਬ ਨੇ ਸਾਲਾਨਾ ਪ੍ਰਗਤੀ ਦੀ ਸਮੀਖਿਆ ਕੀਤੀ

ਬਾਘਾ ਪੁਰਾਣਾ (ਮਨੀ ਸਿੰਗਲਾ) ਰੋਟਰੀ ਕਲੱਬ ਜੋ ਪਿਛਲੇ ਲੰਮੇ ਸਮੇਂ ਤੋਂ ਸਮਾਜ ਸੇਵਾ ਵਿੱਚ ਮੋਹਰੀ ਭੂਮਿਕਾ ਨਿਭਾਅ ਰਹੀ ਹੈ, ਨੇ ਆਪਣੇ ਇੱਕ ਸਮਾਗਮ ਵਿੱਚ ਸਾਲਾਨਾ ਪ੍ਰਗਤੀ ਦੀ ਸਮੀਖਿਆ ਕੀਤੀ।ਇਹ ਸਮਾਗਮ ਜ਼ਿਲ੍ਹਾ ਗਵਰਨਰ ਦੇ ਵਿਸ਼ੇਸ਼ ਪ੍ਰਤੀਨਿਧੀ ਮੁਨੀਸ਼ ਗਰਗ ਟੀਨੀ, ਅਸਿਸਟੈਂਟ ਗਵਰਨਰ ਕੁਲਦੀਪ ਗਰਗ ਤੇ ਕਲੱਬ ਦੇ ਮੌਜੂਦਾ ਪ੍ਰਧਾਨ ਰਾਜੀਵ ਮਿੱਤਲ ਦੀ ਅਗਵਾਈ ਵਿੱਚ ਆਯੋਜਤ ਕੀਤਾ ਗਿਆ।ਸਮਾਗਮ ਦੀ ਸ਼ੁਰੂਆਤ ਸਮੂਹ ਅਹੁਦੇਦਾਰਾਂ ਵੱਲੋਂ ਜੋਤੀ ਪ੍ਰਚੰਡ ਕਰਕੇ ਕੀਤੀ ਗਈ।ਸਮਾਗਮ ਦੌਰਾਨ ਮੁੱਖ ਮਹਿਮਾਨਾਂ ਤੇ ਕਲੱਬ ਦੇ ਮੈਂਬਰਾਂ ਨੇ ਰੋਟਰੀ ਕਲੱਬ ਦੇ ਇਤਿਹਾਸ, ਇਸ ਦੀਆਂ ਸੇਵਾਵਾਂ ਤੇ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਪ੍ਰਧਾਨ ਰਾਜੀਵ ਮਿੱਤਲ ਤੇ ਵਿੱਕੀ ਗਰਗ ਨੇ ਕਲੱਬ ਦੀਆਂ ਸੇਵਾਵਾਂ ਨੂੰ ਹੋਰ ਮਜਬੂਤ ਬਣਾਉਣ ਲਈ ਨਵੇਂ ਯਤਨਾਂ ਦੀਆਂ ਘੋਸ਼ਣਾਵਾਂ ਕੀਤੀਆਂ।ਉਨ੍ਹਾਂ ਨੇ ਕਿਹਾ ਕਿ ਕਲੱਬ ਦੇ ਪ੍ਰਤੀ ਹਰ ਇੱਕ ਮੈਂਬਰ ਦੀ ਜ਼ਿੰਮੇਵਾਰੀ ਹੈ ਕਿ ਉਹ ਸ਼ਹਿਰ ਦੇ ਵਿਕਾਸ ਵਿੱਚ ਯੋਗਦਾਨ ਪਾਵੇ।ਸਟੇਜ ਸੈਕਟਰੀ ਦੀ ਭੂਮਿਕਾ ਡਾਕਟਰ ਨਵਦੀਪ ਸ਼ਰਮਾ ਨੇ ਨਿਭਾਈ।

ਕਲੱਬ ਦੇ ਮੈਂਬਰਾਂ ਨੇ ਦੱਸਿਆ ਕਿ ਕਲੱਬ ਦਾ ਮੁੱਖ ਮੰਤਵ ਹੈ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਹਰੇਕ ਪੈਸੇ ਨੂੰ ਸਹੀ ਢੰਗ ਨਾਲ ਵਰਤਣਾ ਹੈ।ਕਲੱਬ ਦੇ ਪ੍ਰਬੰਧਕਾਂ ਨੇ ਇਹ ਵੀ ਜ਼ਿਕਰ ਕੀਤਾ ਕਿ ਕਲੱਬ ਨੇ ਸਾਲ ਦੇ ਦੌਰਾਨ ਕਈ ਸਮਾਜ ਸੇਵੀ ਪ੍ਰੋਜੈਕਟ ਸਫਲਤਾਪੂਰਵਕ ਪੂਰੇ ਕੀਤੇ ਹਨ।

ਇਨ੍ਹਾਂ ਵਿੱਚ ਬਿਜਲੀ ਬੋਰਡ ਨੂੰ ਟਰਾਂਸਫਾਰਮਰ ਦਿੱਤਾ, ਸੰਤ ਮਹੇਸ਼ ਮੁਨੀ ਜੀ ਗਊਸ਼ਾਲਾ ਹਸਪਤਾਲ ਨੂੰ ਇਕ ਜ਼ਖ਼ਮੀ ਗਊਆਂ ਨੂੰ ਚੁੱਕਣ ਲਈ ਐਂਬੂਲੈਂਸ ਸਮਰਪਤ ਕਰਾਈ, ਰਾਮ ਬਾਗ ਲਈ ਇੱਕ ਵੈਨ ਤੇ ਸਰਕਾਰੀ ਸਕੂਲ ਦੇ ਬੱਚਿਆਂ ਨੂੰ ਬੋਟ ਜਰਾਬਾ ਕਾਪੀਆਂ ਤੇ ਹੋਰ ਚੀਜ਼ਾਂ ਦੇ ਕੇ ਆਪਣੀ ਸੇਵਾ ਨਿਭਾਈ ਹੈ।ਸਮਾਗਮ ਦੌਰਾਨ ਕਲੱਬ ਦੇ ਵਧੀਆ ਕੰਮ ਕਰਨ ਵਾਲੇ ਮੈਂਬਰਾਂ ਨੂੰ ਵਿਸ਼ੇਸ਼ ਪਿੰਨ ਲਾ ਕੇ ਸਨਮਾਨਤ ਕੀਤਾ ਗਿਆ।ਸਨਮਾਨਤ ਮੈਂਬਰਾਂ ਨੇ ਆਪਣੇ ਸੰਬੋਧਨ ਵਿੱਚ ਕਲੱਬ ਪ੍ਰਤੀ ਆਪਣੀ ਵਫ਼ਾਦਾਰੀ ਦਾ ਯਕੀਨ ਦਿਵਾਇਆ। ਇਸਦੇ ਨਾਲ ਹੀ, ਆਏ ਮਹਿਮਾਨਾਂ ਦਾ ਵੀ ਸਨਮਾਨ ਕੀਤਾ ਗਿਆ।ਇਸ ਮੌਕੇ ਕਲੱਬ ਦੇ ਸਾਬਕਾ ਪ੍ਰਧਾਨਾਂ ਤੇ ਅਹਿਮ ਮੈਂਬਰਾਂ ਸਮੇਤ ਕਈ ਸਤਿਕਾਰਯੋਗ ਹਸਤੀਆਂ ਨੇ ਹਾਜ਼ਰੀ ਭਰੀ।

ਵੱਖ-ਵੱਖ ਥਾਈਂ ਗਣਤੰਤਰ ਦਿਵਸ ਧਮਧਾਮ ਨਾਲ ਮਨਾਇਆ

ਦੋਰਾਹਾ (ਹਰਮਿੰਦਰ ਸੇਠ) : ਹੈਵਨਲੀ ਦੇ ਵਸਨੀਕਾਂ ਆਜ਼ਾਦੀ ਦਾ ਦਿਹਾੜਾ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਅਤੇ ਆਪਣੇ ਮਹਾਨ ਰਾਸ਼ਟਰ ਦੇ ਸੁਤੰਤਰਤਾ ਸੈਨਾਨੀਆਂ ਦਾ ਧੰਨਵਾਦ ਕਰਨ ਲਈ ਯਾਦ ਕੀਤਾ।ਗਣਤੰਤਰ ਦਿਵਸ ਸਾਡੇ ਬਹਾਦਰ ਸ਼ਹੀਦਾਂ ਨੂੰ ਯਾਦ ਕਰਨ ਦਾ ਮੌਕਾ ਹੈ। ਹਰ ਸਾਲ, ਡੀ ਬੀ ਸੀ ਟਰੱਸਟ ਸਵਰਗੀ ਪੈਲੇਸ - ਸੀਨੀਅਰ ਸਿਟੀਜ਼ਨ ਹੋਮ ਵਿਖੇ ਭਾਰਤ ਦਾ ਗਣਤੰਤਰ ਦਿਵਸ ਮਨਾਉਂਦਾ ਹੈ। ਗਣਤੰਤਰ ਦਿਵਸ ਇਸ ਸਾਲ ਸਨਮਾਨ ਅਤੇ ਮਾਣ ਨਾਲ ਮਨਾਇਆ ਗਿਆ। ਹੈਵਨਲੀ ਪੈਲੇਸ ਦੇ ਵਸਨੀਕਾਂ, ਹੈਵਨਲੀ ਏਂਜਲਸ ਅਤੇ ਸਟਾਫ਼ ਡੀ ਬੀ ਸੀ ਟਰੱਸਟ ਦੇ ਬੱਚਿਆਂ ਨੇ ਦੇਸ਼ ਭਗਤੀ ਦੇ ਗੀਤਾਂ ਦੇ ਨਾਲ ਰਾਸ਼ਟਰੀ ਗੀਤ ਗਾਇਆ। ਮੇਜਰ ਜਨਰਲ ਜਸਬੀਰ ਸਿੰਘ, ਏ.ਵੀ.ਐਸ.ਐਮ., ਸੈਨਾ ਮੈਡਲ ਨੇ ਭਾਰਤੀ ਗਣਤੰਤਰ ਦਿਵਸ ਸਬੰਧੀ ਇਤਿਹਾਸ ਅਤੇ ਕਿੱਸੇ ਸੁਣਾਏ। ਨਾਲ ਹੀ ਭਾਰਤ ਦੇ 76ਵੇਂ ਗਣਤੰਤਰ ਦਿਵਸ ਦੇ ਮੌਕੇ ਇੱਕ ਸ਼ਾਨਦਾਰ ਬੁਫੇ ਨਾਸ਼ਤਾ ਪਰੋਸਿਆ ਗਿਆ।

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) : ਸਥਾਨਕ ਨਗਰ ਕੌਂਸਲ ਵਿਖੇ 76ਵਾਂ ਗਣਤੰਤਰਤਾ ਦਿਵਸ ਪੂਰੇ ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਗਿਆ। ਨਗਰ ਕੌਂਸਲ ਦਫ਼ਤਰ ਦੇ ਵਿਹੜੇ ਵਿਚ ਮਨਾਏ ਗਏ ਗਣਤੰਤਰ ਦਿਵਸ ਮੌਕੇ ਝੰਡਾ ਲਹਿਰਾਉਣ ਦੀ ਰਸਮ

ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਅਤੇ ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਸੰਯੁਕਤ ਰੂਪ ਵਿਚ ਅਦਾ ਕੀਤੀ ਅਤੇ ਪੁਲਸ ਦੀ ਟੁਕੜੀ ਵਲੋਂ ਸਲਾਮੀ ਵੀ ਦਿੱਤੀ ਗਈ। ਸਕੂਲੀ ਬੱਚਿਆਂ ਵਲੋਂ ਰਾਸ਼ਟਰੀ ਗਾਇਨ ਵੀ ਕੀਤਾ ਗਿਆ। ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਅਤੇ ਪ੍ਰਧਾਨ ਮੋਹਿਤ ਕੁੰਦਰਾ ਨੇ ਸਮਾਰੋਹ ਨੂੰ ਸੋਬੋਧਨ ਕਰਦਿਆਂ ਗਣਤੰਤਰਤਾ ਦਿਵਸ ਦੇ ਮਹੱਤਵ ਅਤੇ ਦੇਸ਼ ਦੇ ਸੰਵਿਧਾਨ ਸਬੰਧੀ ਜਾਣਕਾਰੀ ਦਿੱਤੀ। ਉਕਤ ਆਗੂਆਂ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਨੇ ਸੰਵਿਧਾਨ ਦੀ ਰਚਨਾ ਕਰ ਸਾਨੂੰ ਆਪਣੇ ਹੱਕ ਦਿੱਤੇ। ਮੰਚ ਸੰਚਾਲਨ ਦੀ ਭੂਮਿਕਾ ਪ੍ਰਿੰਸੀਪਲ ਦਰਸ਼ਨ ਲਾਲ ਜੈਨ ਨੇ ਨਿਭਾਈ। ਇਸ ਮੌਕੇ ਅਸ਼ੋਕ ਸੂਦ, ਜਗਮੀਤ ਸਿੰਘ ਮੱਕੜ, ਜਸਪਾਲ ਸਿੰਘ ਜੱਜ, ਨਰਿੰਦਰ ਸਿੰਘ ਮੱਕੜ, ਅਮਨਦੀਪ ਸਿੰਘ ਤਨੇਜਾ, ਨੀਰਜ ਕੁਮਾਰ, ਪ੍ਰਕਾਸ਼ ਕੌਰ, ਹਰਵਿੰਦਰ ਕੌਰ, ਰਵਿੰਦਰਜੀਤ ਕੌਰ, ਪਰਮਜੀਤ ਕੌਰ, ਰਸ਼ਮੀ ਜੈਨ, ਸੁਰਿੰਦਰ ਕੁਮਾਰ ਛਿੰਦੀ, ਧਰਮਪਾਲ, ਕਿਸ਼ੋਰ ਕੁਮਾਰ (ਸਾਰੇ ਕੌਂਸਲਰ), ਸੁਖਵਿੰਦਰ ਸਿੰਘ ਗਿੱਲ, ਡਾ. ਸੁਨੀਲ ਦੱਤ, ਪੀ.ਏ. ਨਵਜੀਤ ਸਿੰਘ ਉਟਾਲਾਂ, ਪ੍ਰਿੰਸ ਮਿੱਠੇਵਾਲ, ਆੜ੍ਹਤੀ ਬਲਵਿੰਦਰ ਸਿੰਘ ਮਾਨ, ਸ਼ਾਮ ਲਾਲ ਕੁੰਦਰਾ ਆਦਿ ਵੀ ਮੌਜੂਦ ਸਨ।

ਬੁਢਲਾਡਾ (ਅਸ਼ੋਕ ਲਾਕੜਾ) : 76ਵਾਂ ਆਜ਼ਾਦੀ ਦਿਵਸ ਦਾ ਦਿਹਾੜਾ ਸਬ ਡਵੀਜ਼ਨ ਪੱਧਰ 'ਤੇ ਗੁਰੂ ਤੇਗ ਬਹਾਦਰ ਸਟੇਡੀਅਮ ਵਿਖੇ ਮਨਾਇਆ ਗਿਆ ਜਿੱਥੇ ਝੰਡਾ ਲਹਿਰਾਉਣ ਦੀ ਰਸਮ ਐਸ ਡੀ ਐਮ

ਬੁਡਲਾਡਾ ਗਗਨਦੀਪ ਸਿੰਘ ਨੇ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਜੰਗੇ ਆਜ਼ਾਦੀ ਦੇ ਸ਼ਹੀਦਾਂ ਦੀ ਸ਼ਹਾਦਤ ਕਾਰਨ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨਾਂ ਬੁਡਲਾਡਾ ਹਲਕੇ ਦੇ ਵਿਕਾਸ ਤੇ ਤਰੱਕੀ ਲਈ ਲੋਕਾਂ ਦੇ ਸਹਿਯੋਗ ਦੀ ਮੰਗ ਕੀਤੀ।ਇਸ ਤੋਂ ਪਹਿਲਾ 71 ਦੀ ਲੜਾਈ ਦੇ ਮਹਾਨਾਇਕ ਕੈਪਟਨ ਕੇ.ਕੇ. ਗੌੜ੍ਹ ਦੇ ਬੁੱਤ, ਡਾ. ਭੀਮ ਰਾਓ ਅੰਬੇਦਕਰ ਚੌਕ ਵਿੱਚ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਮੌਕੇ ਅਡੀਸ਼ਨਲ ਸੀਨੀਅਰ ਸਿਵਲ ਜੱਜ ਮਨੂ ਮਿਤੂ, ਜੂਨੀਅਰ ਡਵੀਜਨ ਜੱਜ ਜੈਸਿਕਾ ਬਿਜ, ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਅਤੇ ਡੀਐਸਪੀ ਗਮਦੂਰ ਸਿੰਘ ਚਹਿਲ, ਤਹਿਸੀਲਦਾਰ ਰੁਪਿੰਦਰਪਾਲ ਸਿੰਘ ਬੱਲ, ਨਾਇਬ ਤਹਿਸੀਲਦਾਰ ਗੁਰਬੰਸ ਸਿੰਘ ਬਰੇਟਾ, ਨਗਰ ਕੌਂਸਲ ਦੇ ਪ੍ਰਧਾਨ ਸੁਖਪਾਲ ਸਿੰਘ, ਕਾਰਜਸਾਧਕ ਅਫਸਰ ਬਲਵਿੰਦਰ ਸਿੰਘ, ਐਸਐਚ ਓ ਬਲਕੌਰ ਸਿੰਘ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਸਕੂਲੀ ਵਿਦਿਆਰਥੀਆਂ ਵੱਲੋਂ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਅਤੇ ਅਜਾਦੀ ਗੁਲਾਟੀਆ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) : ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ (ਘੱਗਾ) ਦਫ਼ਤਰੀ ਵਾਲਾ 'ਚ ਗਣਤੰਤਰ ਦਿਵਸ ਧੂਮ-ਧਾਮ ਨਾਲ

ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ਝੰਡਾ ਚੜ੍ਹਾਉਣ ਉਪਰੰਤ ਰਾਸ਼ਟਰੀ ਗੀਤ ਨਾਲ ਕੀਤੀ ਗਈ।ਸਕੂਲ ਦੇ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਨੇ ਤਿਰੰਗਾ ਲਹਿਰਾਇਆ। ਇਸੇ ਦੌਰਾਨ ਐਨ.ਸੀ.ਸੀ. ਕੈਡਿਟਸ ਅਤੇ ਐਨ.ਐਸ.ਐਸ. ਵਲੰਟੀਅਰਜ਼ ਵੱਲੋਂ ਝੰਡੇ ਨੂੰ ਸਲਾਮੀ ਦਿੱਤੀ ਗਈ।ਵਿਦਿਆਰਥੀਆਂ ਦੀਆਂ ਡਾਂਸ, ਕਵਿਤਾਵਾਂ, ਦੇਸ਼ ਭਗਤੀ ਦੀਆਂ ਕਈ ਆਈਟਮਾਂ ਪੇਸ਼ ਕੀਤੀਆਂ ਗਈਆਂ।ਸਾਡੇ ਮੌਲਿਕ ਅਧਿਕਾਰਾਂ ਅਤੇ ਫਰਜ਼ਾਂ ਨੂੰ ਸੱਤਵੀਂ ਕਲਾਸ ਤੇ ਗਿਆਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਸੰਵਿਧਾਨਕ ਪ੍ਰਸਤਾਵਨਾ ਨੂੰ ਪੜ੍ਹਿਆ ਅਤੇ ਉਸ ਦੀ ਵਿਆਖਿਆ ਕੀਤੀ।ਸਕੂਲ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਦੇਸ਼ ਤੇ ਫਰਜ਼ਾਂ ਪ੍ਰਤੀ ਜਾਗਰੂਕ ਕੀਤਾ।ਸਕੂਲ ਵਿਦਿਆਰਥੀਆਂ ਨੇ ਕਈ ਤਰ੍ਹਾਂ ਦੇ ਤਿਰੰਗੇ ਭੋਜਨ ਪਦਾਰਥਾਂ ਦਾ ਅਨੰਦ ਮਾਣਿਆ।

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) : ਸੱਤਿਆ ਭਾਰਤੀ ਸਕੂਲ ਲੱਖੋਵਾਲ 'ਚ ਗਣਤੰਤਰਤਾ ਦਿਵਸ ਮਨਾਇਆ ਗਿਆ। ਇਸ ਮੌਕੇ ਝੰਡਾ ਲਹਿਰਾਉਣ ਦੀ ਰਸਮ ਸਰਪੰਚ ਪ੍ਰੀਤ ਕੌਰ ਨੇ ਅਦਾ ਕੀਤੀ। ਉਨ੍ਹਾਂ ਸਕੂਲ ਦੇ

29-Jan-PAGE-11-Majha-2025-B.qxd 1/28/2025 10:57 PM Page 1

ਡਾ: ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦੇ ਰੋਸ ਵਜੋਂ ਅੱਧਾ ਘੰਟਾ ਆਵਾਜਾਈ ਰੱਖੀ ਠੱਪ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਧਾਰੀਵਾਲ ਵਿਖੇ ਬੱਬਾ ਗਿੱਲ ਪੰਜਾਬ ਯੂਥ ਪ੍ਰਧਾਨ ਕ੍ਰਿਸਚੀਅਨ ਨੈਸ਼ਨਲ ਫਰੰਟ ਦੀ ਅਗਵਾਈ ਹੇਠ ਐੱਸ ਸੀ/ਐੱਸ ਟੀ ਅਤੇ ਓਬੀਸੀ ਤੇ ਹੋਰ ਜਥੇਬੰਦੀਆਂ ਵੱਲੋਂ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ 26 ਜਨਵਰੀ ਦਿਨ ਐਤਵਾਰ ਨੂੰ ਗਣਤੰਤਰ ਦਿਵਸ ਮੌਕੇ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਦੇ ਰਸਤੇ ਵਿੱਚ ਬਣੇ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਨੂੰ ਸ਼ਰਾਰਤੀ ਅਨਸਰ ਵੱਲੋਂ ਅੱਗ ਲਗਾਉਣ ਅਤੇ ਹਥੌੜੇ ਨਾਲ ਤੋੜਨ ਦੀ ਘਟਨਾ ਦੇ ਰੋਸ ਵਜੋਂ ਸ਼ਹਿਰ ਵਿੱਚੋਂ ਲੰਘਦੇ ਮੁੱਖ ਮਾਰਗ ਉਪਰ ਨਹਿਰ ਦੇ ਪੁਲ 'ਤੇ ਧਰਨਾ ਲਗਾਇਆ। ਲਗਭਗ ਅੱਧਾ ਘੰਟਾ ਆਵਾਜਾਈ ਠੱਪ ਰੱਖੀ ਗਈ। ਧਰਨੇ ਨੂੰ ਸੰਬੋਧਨ ਕਰਦਿਆਂ ਫਰੰਟ ਦੇ ਰਾਸ਼ਟਰੀ ਪ੍ਰਧਾਨ ਲਾਰੈਂਸ ਚੌਧਰੀ ਨੇ ਕਿਹਾ ਕਿ ਇਸ ਘਿਨੌਣੀ ਹਰਕਤ ਨਾਲ ਦੇਸ਼ ਦੇ ਕਰੋੜਾਂ ਮੂਲਨਿਵਾਸੀਆਂ ਦੇ ਹਿਰਦੇ ਵਲੂੰਧਰੇ ਗਏ ਹਨ। ਧਰਨਾ ਸਥਾਨ 'ਤੇ ਪਹੁੰਚੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਾਇਬ ਤਹਿਸੀਲਦਾਰ ਮਨਜੋਤ ਸਿੰਘ, ਡੀਐੱਸਪੀ ਕੁਲਵੰਤ ਸਿੰਘ ਅਤੇ ਥਾਣਾ ਧਾਰੀਵਾਲ ਐਸਐੱਚਓ ਇੰਸਪੈਕਟਰ ਬਲਜੀਤ ਕੌਰ ਨੂੰ ਰਾਸ਼ਟਰਪਤੀ ਦੇ ਨਾਂ ਮੰਗ ਦਿੱਤਾ ਗਿਆ। ਇਸ ਮੰਗ ਪੱਤਰ ਰਾਹੀਂ ਦੋਸ਼ੀ ਵਿਰੁੱਧ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕਰਨ, ਕੇਸ ਨੂੰ ਫਾਸਟ ਟਰੈਕ ਕੋਰਟ ਵਿੱਚ ਚਲਾਉਣ, ਭਵਿੱਖ ਵਿੱਚ ਬਾਬਾ ਸਾਹਿਬ ਜਾਂ ਕਿਸੇ ਹੋਰ ਰਹਿਬਰ ਦਾ ਜੋ ਅਪਮਾਨ ਕਰੇ ਉਸਦੇ ਵਿਰੁੱਧ ਕਤਲ ਦੀ ਧਾਰਾ ਤਹਿਤ ਮੁਕੱਦਮਾ ਦਰਜ ਅਤੇ ਇਸ ਘਟਨਾ ਦੇ ਸਾਜ਼ਿਸ਼ਕਾਰਾਂ ਨੂੰ ਬੇਨਕਾਬ ਕਰਨ ਲਈ ਮਾਣਯੋਗ ਹਾਈਕੋਰਟ ਦੇ ਮੌਜੂਦਾ ਜੱਜ ਤੋਂ ਜਾਂਚ ਕਰਾਉਣ ਦੀ ਮੰਗ ਕੀਤੀ। ਇਸ ਮੌਕੇ ਵਾਈਸ ਆਫ਼ ਧਾਰੀਵਾਲ ਦੇ ਕਨਵੀਨਰ ਡਾ. ਕੇ. ਜੇ. ਸਿੰਘ, ਡਾ. ਸਾਹਿਬ ਮਸੀਹ ਭੋਜਰਾਜ, ਅਜੈ ਮੱਟੂ, ਗਗਨ ਕਲੋਪੀਆ, ਜਗੀਰਾ ਖੁੰਡਾ, ਦਲਜੀਤ ਸਿੰਘ, ਹਿਊਮਨ ਰਾਈਟ ਸੁਰੱਕਸ਼ਾ ਸੁਸਾਇਟੀ ਪੰਜਾਬ ਪ੍ਰਧਾਨ ਇੰਜ ਜਤਿੰਦਰ ਪਾਲ ਸਿੰਘ ਜੇਪੀ, ਕਾਂਗਰਸ ਪਾਰਟੀ ਦੇ ਬਲਾਕ ਪ੍ਰਧਾਨ ਗੁਰਨਾਮ ਸਿੰਘ ਜਫਰਵਾਲ, ਸਿਟੀ ਪ੍ਰਧਾਨ ਸਰਦਾਰੀ ਲਾਲ ਰਣੀਆਂ, ਟਾਈਗਰ ਫੋਰਸ ਦੇ ਪਵਨ ਕੁਮਾਰ, ਜਤਿੰਦਰ ਪਿੰਕਾ, ਰਿਟਾ. ਡੀਐੱਸਪੀ ਪ੍ਰਭੂ ਦਾਸ, ਆਸ਼ੂ ਪ੍ਰਧਾਨ, ਪ੍ਰੇਮ ਨਾਥ, ਜਿੰਦਾ ਜਫਰਵਾਲ, ਸਿਕੰਦਰ ਕਲਿਆਣ, ਗੋਪਾਲ ਦਾਸ, ਪਾ. ਵਿਨੈ, ਜੋਗਿੰਦਰ ਪਾਲ ਐਕਸ, ਹੈਰੀ ਸੰਧੂ, ਨਿਸ਼ੂ ਮਹਾਜਨ, ਸੰਨੀ ਪੰਡੋਰੀ, ਐਡਵਿਨ ਮਸੀਹ, ਮਾਈਕਲ ਸਹੋਤਾ, ਕੇਸ਼ਵ, ਲਵ ਲਾਲੋਵਾਲ, ਲੱਕੀ ਮਹਿਰਾ, ਮੋਹਿਤ ਰੰਧਾਵਾ, ਬਿੱਲਾ ਜਫਰਵਾਲ, ਜੀਵਨ ਮੱਟੂ, ਅਮਿਤ, ਗਗਨ ਸੁਜਾਨਪੁਰ, ਪਾ. ਮੰਗਲ ਸਹੋਤਾ, ਸਤਨਾਮ ਖੁੰਡੀ, ਰਿੰਕੂ ਮਸੀਹ, ਅਮਿਤ ਕੁਮਾਰ, ਵਿਜੈ ਬੱਬੇਹਲੀ, ਲਾਡੀ ਬਲੱਗਣ, ਮਨਦੀਪ ਮਰੜ ਆਦਿ ਸਮੇਤ ਲੋਕ ਵੱਡੀ ਗਿਣਤੀ ਵਿੱਚ ਸ਼ਾਮਲ ਸਨ।

ਬਹਿਲ ਦੇ ਯਤਨਾਂ ਸਦਕਾ ਪੰਜਾਬੀ ਭਾਸ਼ਾ ਦਾ ਪ੍ਰਤੀਕ ਬਣਿਆ ਗੁਰਦਾਸਪੁਰ ਦਾ ਬਰਿਆਰ ਬਾਈਪਾਸ ਚੌਕ

ਗੁਰਦਾਸਪੁਰ (ਦਿਨੇਸ਼ ਕੁਮਾਰ)-ਗੁਰਦਾਸਪੁਰ ਸ਼ਹਿਰ ਦੇ ਬਾਹਰਵਾਰ ਬਰਿਆਰ ਬਾਈਪਾਸ ਚੌਕ ਵਿੱਚ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਕੀਤੀ ਪਹਿਲਕਦਮੀ ਸਦਕਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਣਾਇਆ ਗਿਆ ਚੌਕ ਪੰਜਾਬੀ ਭਾਸ਼ਾ ਦਾ ਪ੍ਰਤੀਕ ਬਣ ਕੇ ਉਭਰਿਆ ਹੈ।

ਇਸ ਨਵੇਂ ਚੌਕ ਨੂੰ ਲੈ ਕੇ ਗੁਰਦਾਸਪੁਰ ਜ਼ਿਲ੍ਹੇ ਨਾਲ ਸੰਬੰਧਿਤ ਵੱਖ-ਵੱਖ ਸਾਹਿਤਕ, ਧਾਰਮਿਕ, ਰਾਜਸੀ ਅਤੇ ਹੋਰ ਕਲਾਵਾਂ ਨਾਲ ਜੁੜੀਆਂ ਸੰਸਥਾਵਾਂ ਵੱਲੋਂ ਇਸ ਉਪਰਾਲੇ ਦਾ ਭਰਪੂਰ ਸਵਾਗਤ ਕੀਤਾ ਜਾ ਰਿਹਾ ਹੈ।ਖਾਸ ਤੌਰ 'ਤੇ ਵੱਖ-ਵੱਖ ਜਥੇਬੰਦੀਆਂ ਨਾਲ ਸੰਬੰਧਿਤ ਆਗੂਆਂ ਅਤੇ ਨੁਮਾਇੰਦਿਆਂ ਨੇ ਇਸ ਚੌਕ ਵਿੱਚ ਪਹੁੰਚ ਕੇ ਜਿੱਥੇ ਇਸ ਦੀ ਖੂਬਸੂਰਤੀ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਉਸ ਦੇ ਨਾਲ ਹੀ ਇਸ ਚੌਕ ਨੂੰ ਬਣਾਉਣ ਦਾ ਉਪਰਾਲਾ ਕਰਨ ਵਾਲੇ ਚੇਅਰਮੈਨ ਬਹਿਲ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ।ਦੱਸਣਯੋਗ ਹੈ ਬਰਿਆਰ ਵਿਖੇ ਖਾਲੀ ਪਈ ਜਗ੍ਹਾ 'ਤੇ ਬੇਟੀ ਬਚਾਓ ਬੇਟੀ ਪੜ੍ਹਾਓ ਦੇ ਨਾਅਰੇ ਹੇਠ ਇੱਕ ਚੌਕ ਬਣਾਇਆ ਗਿਆ ਹੈ ਜਿਸ ਦਾ ਉਦਘਾਟਨ ਦੋ ਦਿਨ ਪਹਿਲਾਂ ਹੀ 26 ਜਨਵਰੀ ਵਾਲੇ ਦਿਨ ਖੁਦ ਚੇਅਰਮੈਨ ਰਮਨ ਬਹਿਲ ਅਤੇ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਵੱਲੋਂ ਕੀਤਾ ਗਿਆ ਹੈ।ਇਸ ਕਾਰਨ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲਿਆਂ ਵਿੱਚ ਇੱਕ ਨਵੀਂ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ।

ਇਸ ਚੌਕ ਵਿੱਚ ਜਿੱਥੇ ਇੱਕ ਅਧਿਆਪਕ ਅਤੇ ਅਧਿਆਪਕਾ ਦਾ ਸੁੰਦਰ ਬੁੱਤ ਬਣਾ ਕੇ ਬੱਚਿਆਂ ਨੂੰ ਪੜ੍ਹਾਉਂਦੇ ਦਿਖਾਇਆ ਗਿਆ ਹੈ ਉਥੇ ਉਸ ਦੇ ਨਾਲ ਹੀ ਚੌਕ ਵਿੱਚ ਪੰਜਾਬੀ ਭਾਸ਼ਾ ਦੇ ਅੱਖਰ ਇੱਕ ਫੱਟੀ ਨੁਮਾ ਬੋਰਡ ਉਪਰ ਲਿਖੇ ਗਏ ਹਨ।ਇਹ ਫੱਟੀ ਪੁਰਾਣੇ ਸਮਿਆਂ ਵਿੱਚ ਬੱਚਿਆਂ ਵੱਲੋਂ ਆਪਣੀ ਲਿਖਾਈ ਦੀ ਸ਼ੁਰੂਆਤ ਕਰਨ ਮੌਕੇ ਵਰਤੀ ਜਾਂਦੀ ਸੀ ਜਿਸ ਨੂੰ ਹੁਣ ਬਹੁਤੇ ਬੱਚੇ ਵਿਸਾਰ ਚੁੱਕੇ ਹਨ। ਇਸ ਤਰ੍ਹਾਂ ਇਹ ਚੌਕ ਇਸ ਸੱਭਿਆਚਾਰ ਅਤੇ ਅਮੀਰ ਵਿਰਸੇ ਦੀ ਪ੍ਰਤੀਕ ਪੰਜਾਬੀ ਮਾਂ ਬੋਲੀ ਦੀ ਬਾਖੂਬੀ ਯਾਦ ਕਰਵਾ ਰਿਹਾ ਹੈ।

ਗੁਰਦਾਸਪੁਰ ਸ਼ਹਿਰ ਨਾਲ ਸੰਬੰਧਿਤ ਪੰਜਾਬ ਦੇ ਉੱਘੇ ਚਿੱਤਰਕਾਰ ਅਤੇ ਲਿਖਾਰੀ ਬੀਬਾ ਬਲਵੰਤ ਨੇ ਅੱਜ ਵਿਸ਼ੇਸ਼ ਤੌਰ 'ਤੇ ਇਸ ਚੌਕ ਵਿੱਚ ਪਹੁੰਚ ਕੇ ਜੱਗਬਾਣੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੇਸ਼ੱਕ ਗੁਰਦਾਸਪੁਰ ਸ਼ਹਿਰ ਸਮੇਤ ਜ਼ਿਲ੍ਹੇ ਅਤੇ ਪੰਜਾਬ ਵਿੱਚ ਹੋਰ ਕਈ ਤਰ੍ਹਾਂ ਦੇ ਸੁੰਦਰ ਚੌਕ ਉਸਾਰੇ ਗਏ ਹਨ। ਪਰ ਗੁਰਦਾਸਪੁਰ ਸ਼ਹਿਰ ਅੰਦਰ ਚੇਅਰਮੈਨ ਰਮਨ ਬਹਿਲ ਵੱਲੋਂ ਬਣਵਾਏ ਗਏ ਇਸ ਚੌਕ ਦਾ ਇੱਕ ਖਾਸ ਮਹੱਤਵ ਹੈ। ਉਹਨਾਂ ਕਿਹਾ ਕਿ ਪੰਜਾਬੀ ਮਾਂ ਬੋਲੀ ਨਾਲ ਜੋੜਨ ਦਾ ਸ਼ਲਾਘਾ ਯੋਗ ਉਪਰਾਲਾ ਕੀਤਾ ਗਿਆ ਹੈ ਅਤੇ ਇਸ ਚੌਕ ਰਾਹੀਂ ਬੇਟੀ ਪੜਾਓ ਬੇਟੀ ਬਚਾਓ ਦਾ ਨਾਅਰਾ ਵੀ ਬੁਲੰਦ ਹੋ ਰਿਹਾ ਹੈ। ਪੰਜਾਬੀ ਬੋਲੀ ਨੂੰ ਪ੍ਰਫੁੱਲਤ ਕਰਨ ਲਈ ਰਮਨ ਬਹਿਲ ਅਤੇ ਪ੍ਰਸ਼ਾਸਨ ਵੱਲੋਂ ਇੱਕ ਨਵੀਂ ਪਿਰਤ ਪਾਈ ਗਈ ਹੈ ਜਿਸ ਲਈ ਉਹ ਬਹਿਲ ਅਤੇ ਪ੍ਰਸ਼ਾਸਨ ਦੇ ਧੰਨਵਾਦੀ ਹਨ।

ਜ਼ਿਲ੍ਹਾ ਭਾਸ਼ਾ ਅਫਸਰ ਡਾ. ਪਰਮਜੀਤ ਸਿੰਘ ਕਲਸੀ ਨੇ ਚੇਅਰਮੈਨ ਰਮਨ ਬਹਿਲ ਅਤੇ ਡੀਸੀ ਦਾ ਧੰਨਵਾਦ ਕੀਤਾ।ਇਸੇ ਦੌਰਾਨ ਧਰਮਸ਼ਾਲਾ ਤੋਂ ਡਾਇਰੈਕਟਰ ਸੱਗੀ ਬਾਸ, ਉੱਘੇ ਲਿਖਾਰੀ ਜੇਪੀ ਖਰਲਾਂਵਾਲਾ, ਜੀ. ਐੱਸ. ਪਾਹੜਾ ਅਤੇ ਹੋਰ ਸਾਹਿਤਕਾਰਾਂ ਨੇ ਵੀ ਇਸ ਚੌਕ ਵਿੱਚ ਪਹੁੰਚ ਕੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਚੇਅਰਮੈਨ ਬਹਿਲ ਦਾ ਧੰਨਵਾਦ ਕੀਤਾ।

ਗਾਂਧੀਆਂ ਦੀ ਗ੍ਰਾਮ ਪੰਚਾਇਤ ਆਮ ਆਦਮੀ ਪਾਰਟੀ 'ਚ ਸ਼ਾਮਲ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਮ ਆਦਮੀ ਪਾਰਟੀ ਨੂੰ ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਅੱਜ ਉਸ ਵੇਲੇ ਹੋਰ ਹੁੰਗਾਰਾ ਮਿਲਿਆ ਜਦੋਂ ਹਲਕੇ ਦੇ ਪਿੰਡ ਗਾਂਧੀਆਂ ਦੀ ਗ੍ਰਾਮ ਪੰਚਾਇਤ ਨੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਵਾਲਿਆਂ 'ਚ ਸਰਪੰਚ ਪ੍ਰਕਾਸ਼ ਚੰਦ, ਮੈਂਬਰ ਪੰਚਾਇਤ ਵੀਨਾ ਦੇਵੀ, ਸੁਦੇਸ਼ ਦੇਵੀ, ਸੁਦੇਸ਼, ਕਾਕਾ, ਬੱਲਾ, ਨਿਤਿਸ਼ ਪਡਵਾਲ, ਕ੍ਰਿਸ਼ਨਾ ਦੇਵੀ, ਨੀਲਮ ਤੇ ਗੀਤਾ ਕੁਮਾਰੀ ਦੇ ਨਾਂਅ ਸ਼ਾਮਲ ਹਨ। ਪਾਰਟੀ ਦਫਤਰ ਅੱਬਲਖੈਰ ਵਿਖੇ ਪਾਰਟੀ 'ਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਦਿਆਂ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਸਰਕਾਰ ਲੋਕਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖ ਕੇ ਕੰਮ ਕਰ ਰਹੀ ਹੈ ਤਾਂ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਮੁਹੱਈਆ ਕਰਵਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਅਤੇ ਸੂਬੇ ਨੂੰ ਵਿਕਾਸ ਪੱਖੋਂ ਮੋਹਰੀ ਸੂਬਾ ਬਣਾਉਣਾ ਹੈ ਜਿਸ ਲਈ ਸਰਕਾਰ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ ਅਤੇ ਲੋਕ ਸਰਕਾਰ ਦੀ ਕਾਰਜਸ਼ੈਲੀ ਤੋਂ ਸੰਤੁਸ਼ਟ ਹਨ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਮੁੱਖ ਤਰਜੀਹ ਆਪਣੇ ਹਲਕੇ ਵਿੱਚ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਵੱਡੇ ਸੁਧਾਰ ਕਰਨਾ ਹੈ ਅਤੇ ਉਹ ਆਪਣੀ ਇਸ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸਹੂਲਤਾਂ ਦੇ ਪੱਖ ਤੋਂ ਵਿਧਾਨ ਸਭਾ ਹਲਕਾ ਦੀਨਾਨਗਰ ਸੂਬੇ ਦਾ ਮੋਹਰੀ ਹਲਕਾ ਹੋਵੇਗਾ ਅਤੇ ਹਲਕੇ ਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਪਿੰਡ ਦੇ ਵਿਕਾਸ ਕਾਰਜਾਂ ਨੂੰ ਲੈ ਕੇ ਕੋਟ ਧੰਦਲ 'ਚ ਪਲੇਰੀ ਗ੍ਰਾਮ ਸਭਾ ਬੁਲਾਈ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਗ੍ਰਾਮ ਪੰਚਾਇਤ ਪਿੰਡ ਕੋਟ ਧੰਦਲ ਵਿੱਚ ਪਹਿਲੀ ਗ੍ਰਾਮ ਸਭਾ ਬੁਲਾਈ ਗਈ ਜਿਸ ਵਿੱਚ ਪਿੰਡ ਦੇ ਵਿਕਾਸ ਕਾਰਜਾਂ ਵਾਸਤੇ ਆਪਣੇ ਆਪਣੇ ਸੁਝਾਅ ਦਿੱਤੇ ਗਏ ਅਤੇ ਆਪਣੇ ਆਪਣੇ ਕੰਮਾਂ ਦਾ ਵੇਰਵਾ ਪੰਚਾਇਤ ਨੂੰ ਲਿਖਾਇਆ ਗਿਆ।ਇਸ ਦੀ ਪ੍ਰਧਾਨਗੀ ਸਰਪੰਚ ਅਤੇ ਗ੍ਰਾਮ ਪੰਚਾਇਤ ਦੇ ਮੈਂਬਰਾਂ ਵੱਲੋਂ ਕੀਤੀ ਗਈ। ਪਿੰਡ ਦੀ ਪੰਚਾਇਤ ਨੇ ਇਹ ਫੈਸਲਾ ਕੀਤਾ ਕਿ ਅਸੀਂ ਜਿੰਨੇ ਵੀ ਮਤੇ ਹਨ ਉਹ ਗ੍ਰਾਮ ਸਭਾ ਦੇ ਵਿੱਚ ਪਾਵਾਂਗੇ ਅਤੇ ਸਾਂਝੀ ਜਗ੍ਹਾ ਗੁਰਦੁਆਰਾ ਸਾਹਿਬ ਵਿਖੇ ਰੱਖਾਂਗੇ ।ਇਸ ਵਿੱਚ ਪੰਚਾਇਤ ਸੈਕਟਰੀ ਮਨਜੀਤ ਕੌਰ ਉਚੇਚੇ ਤੌਰ 'ਤੇ ਪਹੁੰਚੇ ।ਉਨ੍ਹਾਂ ਕਿਹਾ ਕਿ ਪਿੰਡ ਦੇ ਵਿਕਾਸ ਵਾਸਤੇ ਸਾਨੂੰ ਕਿਸੇ ਕੋਲ ਵੀ ਜਾਣਾ ਪਿਆ ਤਾਂ ਅਸੀਂ ਪਹੁੰਚਾਂਗੇ।ਅਸੀਂ ਆਪਣੇ ਪਿੰਡ ਨੂੰ ਧੜਿਆਂ ਤੋਂ ਉਪਰ ਉਠ ਕੇ ਦੁਨੀਆ ਲਈ ਇੱਕ ਮਿਸਾਲ ਕਾਇਮ ਕਰਨਾ ਚਾਹੁੰਦੇ ਹਾਂ, ਪਿੰਡ ਦੀ ਅਗਲੀ ਗ੍ਰਾਮ ਸਭਾ ਵੱਡੇ ਪੱਧਰ 'ਤੇ ਬੁਲਾਈ ਜਾਵੇਗੀ ਅਤੇ ਇਸ ਵਿੱਚ ਵੱਖ-ਵੱਖ ਬੁਲਾਰਿਆਂ ਨੂੰ ਬੁਲਾ ਕੇ ਆਪਣੇ ਪਿੰਡ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਕੀਤਾ ਜਾਵੇਗਾ।

ਸਾਰੀ ਗ੍ਰਾਮ ਸਭਾ ਵੱਲੋਂ ਆਪਣੇ ਪਿੰਡ ਦੇ ਜੋ ਰਹਿੰਦੇ ਕੰਮ ਹਨ ਉਨ੍ਹਾਂ ਨੂੰ ਕਰਵਾਉਣ ਵਾਸਤੇ ਪੰਚਾਇਤ ਸੈਕਟਰੀ ਕੋਲੋਂ ਭਰੋਸਾ ਲਿਆ ਅਤੇ ਆਪਣੇ ਕੰਮ ਕਾਰਵਾਈ ਰਜਿਸਟਰ ਵਿੱਚ ਦਰਜ ਕਰਵਾਏ। ਇਸ ਮੌਕੇ ਪਿੰਡ ਦੇ ਸਰਪੰਚ ਮਨਪ੍ਰੀਤ ਸਿੰਘ, ਅਮਰਪ੍ਰੀਤ ਸਿੰਘ ਪੰਚ, ਜਸਬੀਰ ਕੌਰ ਪੰਚ, ਗੁਰਮੀਤ ਕੌਰ ਪੰਚ, ਸੁਖਜੀਤ ਕੌਰ ਪੰਚ, ਜੋਗਿੰਦਰ ਸਿੰਘ, ਕੁਲਵੰਤ ਸਿੰਘ, ਮਲਕੀਤ ਸਿੰਘ ਸਾਬਕਾ ਸਰਪੰਚ, ਫੂਮਣ ਸਿੰਘ, ਸੁਖਦੇਵ ਸਿੰਘ, ਸੁਰਜੀਤ ਸਿੰਘ, ਹਰਜੀਤ ਸਿੰਘ, ਹੈਪੀ, ਸ਼ੁਭ , ਪੰਡਿਤ ਬਾਹਮਣ, ਜਗੀਰ ਸਿੰਘ, ਬਲਕਾਰ ਸਿੰਘ, ਗਗਨਦੀਪ ਸਿੰਘ, ਪਰਮਜੀਤ ਸਿੰਘ, ਬਾਦਲ ਸਿੰਘ, ਸੁਲੱਖਣ ਸਿੰਘ ਆਦਿ ਹਾਜ਼ਰ ਸਨ।

ਸਵੈ-ਕਾਰੋਬਾਰ ਸ਼ੁਰੂ ਕਰਨ ਵਾਲਿਆਂ ਲਈ 'ਫਿਊਚਰ ਟਾਈਕੂਨ' ਪ੍ਰੋਗਰਾਮ ਦਾ ਆਗਾਜ਼

* ਪੰਜਾਬ ਸਰਕਾਰ ਅਜਿਹੇ ਪ੍ਰੋਜੈਕਟਾਂ ਲਈ ਹਰ ਤਰ੍ਹਾਂ ਦੀ ਮਦਦ ਕਰਨ ਲਈ ਤਿਆਰ: ਸੰਧੂ

ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)-ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੇ ਪ੍ਰਤਿਭਾਸ਼ਾਲੀ ਵਿਅਕਤੀ ਚਾਹੇ ਉਹ ਬੱਚੇ, ਜਵਾਨ, ਮਰਦ ਜਾਂ ਇਸਤਰੀ ਕੋਈ ਵੀ ਹੋਵੇ, ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਮੌਕਾ ਦੇਣ ਵਾਸਤੇ ਫਿਊਚਰ ਟਾਈਕੂਨ ਨਾਂ ਦਾ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਜਿਸ ਤਹਿਤ ਤੁਹਾਡੇ ਵੱਲੋਂ ਦਿੱਤੇ ਗਏ ਵਪਾਰਕ ਆਈਡੀਆਜ਼ ਨੂੰ ਸੁਪਨੇ ਵਿੱਚ ਬਦਲਣ ਲਈ ਪੈਸਾ ਕਾਪੀਰਾਈਟ ਪ੍ਰਮੋਸ਼ਨ ਤਜਰਬਾ, ਮਾਹਰਾਂ ਦੀ ਰਾਇ, ਹਰੇਕ ਲੋੜੀਂਦੀ ਸਹਾਇਤਾ ਦੇਣ ਦਾ ਪ੍ਰਬੰਧ ਜ਼ਿਲਾ ਪ੍ਰਸ਼ਾਸਨ ਕਰੇਗਾ।ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਇਸ ਤੋਂ ਪਹਿਲਾਂ ਇਹ ਪ੍ਰੋਗਰਾਮ ਬਤੌਰ ਡਿਪਟੀ ਕਮਿਸ਼ਨਰ ਪਟਿਆਲਾ ਅਤੇ ਲੁਧਿਆਣਾ ਵਿੱਚ ਸ਼ੁਰੂ ਕੀਤਾ ਗਿਆ ਸੀ ਜਿਸ ਨੂੰ ਵੱਡਾ ਹੁੰਗਾਰਾ ਮਿਲਿਆ ਸੀ।ਡੀਸੀ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਨਵੇਂ ਉਦਮੀਆਂ ਨੂੰ ਆਪਣਾ ਕਾਰੋਬਾਰ ਤੇ ਰੋਜ਼ਗਾਰ ਸ਼ੁਰੂ ਕਰਨ ਲਈ ਢੁੱਕਵਾਂ ਮੰਚ ਅਤੇ ਸਾਜ਼ਗਾਰ ਮਾਹੌਲ ਪ੍ਰਦਾਨ ਕਰਨ ਲਈ ਫਿਊਚਰ ਟਾਈਕੂਨ ਮੌਕਾ ਦੇਵੇਗਾ।ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਜ਼ਿਲ

29-Jan-PAGE-12.qxd 1/28/2025 11:08 PM Page 1

ਜਨਮ ਦਿਨ ਮੁਬਾਰਕ

ਮਹਿਰੀਨ ਕੌਰ ਕਾਹਲੋਂ

ਗਗਨਦੀਪ ਸਿੰਘ, ਮਾਨਸਾ



ਸੁਖਲੀਨ ਕਜਲਾ
ਨਲਹੋਟੀ (ਨੂਰਪੁਰ ਬੇਦੀ)

ਨਵਜੋਤ ਕੌਰ
ਪਿੰਡ ਕੰਧਾਲਾ ਜੱਟਾਂ

ਵਰ੍ਹੇਗੰਢ ਮੁਬਾਰਕ

ਮੱਖਣ ਸਿੰਘ ਸ਼ਾਹਪੁਰ ਤੇ ਅਮਨਦੀਪ ਕੌਰ ਨੇ ਵਿਆਹ ਦੀ 13ਵੀਂ ਵਰ੍ਹੇਗੰਢ ਮਨਾਈ।

ਅੱਖਾਂ ਦਾ ਫਰੀ ਚੈਕਅੱਪ ਕੈਂਪ 16 ਨੂੰ

ਕਾਲਾ ਸੰਘਿਆਂ (ਮਨਜੀਤ ਮਾਨ)-ਪੱਡਾ ਬ੍ਰਦਰਜ ਵਲੋਂ ਸਵ ਸ ਗੁਰਦੇਵ ਸਿੰਘ ਅਤੇ ਸਵ ਸ ਜਰਨੈਲ ਸਿੰਘ ਦੀ ਯਾਦ ਵਿੱਚ ਅੱਖਾਂ ਦਾ ਫ੍ਰੀ ਕੈਪ 16 ਫਰਵਰੀ ਨੂੰ ਪਿੰਡ ਨੂਰਪੁਰ ਜੱਟਾਂ ਦੇ ਸਰਕਾਰੀ ਸਕੂਲ ਵਿੱਚ ਸਵੇਰੇ 9 ਤੋਂ 2 ਵਜੇ ਤੱਕ ਲਗਾਇਆ ਜਾ ਰਿਹਾ ਹੈ। ਕੈਪ ਵਿੱਚ ਦਵਾਈਆਂ, ਲੈਂਸ, ਖਾਣਾ ਅਤੇ ਰਹਿਣ ਦਾ ਵੀ ਪ੍ਰਬੰਧ ਵੀ ਹੋਵੇਗਾ।

ਹਥਿਆਰਬੰਦ ਡਕੈਤੀਆਂ 'ਚ ਸ਼ਾਮਲ ਪਿਓ-ਪੁੱਤ ਦੀ ਜੋੜੀ ਗ੍ਰਿਫ਼ਤਾਰ

ਜਲੰਧਰ, (ਸ਼ੈਲੀ ਐਲਬਰਟ)

ਸੰਗਠਿਤ ਅਪਰਾਧ ਨੂੰ ਵੱਡਾ ਝਟਕਾ ਦਿੰਦੇ ਹੋਏ ਜਲੰਧਰ ਦਿਹਾਤੀ ਪੁਲਸ ਨੇ ਹਥਿਆਰਬੰਦ ਡਕੈਤੀਆਂ ਵਿੱਚ ਸ਼ਾਮਲ ਪਿਤਾ-ਪੁੱਤਰ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਤੋਂ ਤਿੰਨ ਆਧੁਨਿਕ ਹਥਿਆਰ ਅਤੇ ਕਈ ਲੱਖਾਂ ਦੀ ਚੋਰੀ ਦੀ ਜਾਇਦਾਦ ਬਰਾਮਦ ਕੀਤੀ ਗਈ ਹੈ।ਸੀਨੀਅਰ ਪੁਲਸ ਕਪਤਾਨ (ਐਸਐਸਪੀ) ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਦੀ ਪਛਾਣ ਰਾਜ ਕੁਮਾਰ ਪੁੱਤਰ ਸੁੱਚਾਰਾਮ ਅਤੇ ਉਸਦੇ ਪੁੱਤਰ ਰਾਜਵੀਰ ਉਰਫ਼ ਰੋਹਿਤ (ਦੋਵੇਂ ਵਾਸੀ ਸੈਦਪੁਰ ਝਿੜੀ, ਥਾਣਾ ਸ਼ਾਹਕੋਟ, ਜ਼ਿਲ੍ਹਾ ਜਲੰਧਰ) ਵਜੋਂ ਹੋਈ ਹੈ।ਪੁਲਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ 30 ਬੋਰ ਅਤੇ 32 ਬੋਰ ਦੇ ਤਿੰਨ ਪਿਸਤੌਲਾਂ ਦੇ ਨਾਲ-ਨਾਲ 25 ਜ਼ਿੰਦਾ ਕਾਰਤੂਸ, ਨੌਂ ਮੋਬਾਈਲ ਫੋਨ, ਇੱਕ ਸਮਾਰਟ ਘੜੀ ਅਤੇ ਛੇ ਤੋਲੇ ਵਜ਼ਨ ਵਾਲੇ ਸੋਨੇ ਦੇ ਗਹਿਣੇ ਬਰਾਮਦ ਕੀਤੇ ਹਨ।ਐਸਐਸਪੀ ਖੱਖ ਨੇ ਦੱਸਿਆ ਕਿ ਇੱਕ ਗੁਪਤ ਸੂਚਨਾ ਦੇ ਆਧਾਰ 'ਤੇ, ਐਸਪੀ ਇਨਵੈਸਟੀਗੇਸ਼ਨ ਸ਼੍ਰੀਮਤੀ ਜਸਰੂਪ ਕੌਰ ਆਈਪੀਐਸ ਅਤੇ ਡੀਐਸਪੀ ਇਨਵੈਸਟੀਗੇਸ਼ਨ ਸਰਵਨਜੀਤ ਸਿੰਘ ਦੀ ਨਿਗਰਾਨੀ ਹੇਠ, ਸਬ-ਇੰਸਪੈਕਟਰ ਅਮਨਦੀਪ ਵਰਮਾ ਦੀ ਅਗਵਾਈ ਹੇਠ ਜਲੰਧਰ ਦਿਹਾਤੀ ਦੇ ਸੀਆਈਏ ਸਟਾਫ ਦੀ ਇੱਕ ਟੀਮ ਨੇ ਥਾਣਾ ਮਹਿਤਪੁਰ ਦੇ ਅਧਿਕਾਰ ਖੇਤਰ ਵਿੱਚ ਪਿੰਡ ਉਧੋਵਾਲ ਨੇੜੇ ਇੱਕ ਵਿਸ਼ੇਸ਼ ਨਾਕਾ ਲਗਾਇਆ ਅਤੇ ਮੁਲਜ਼ਮਾਂ ਨੂੰ ਸਫਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੀ ਤਲਾਸ਼ੀ ਲੈਣ 'ਤੇ, ਇੱਕ 32 ਬੋਰ ਦਾ ਪਿਸਤੌਲ, 2 ਜ਼ਿੰਦਾ ਕਾਰਤੂਸ ਅਤੇ 2 ਮੋਬਾਈਲ ਫੋਨ ਬਰਾਮਦ ਕੀਤੇ ਗਏ।ਹੋਰ

ਪੁੱਛਗਿੱਛ ਤੋਂ ਬਾਅਦ, ਪੁਲਸ ਨੇ ਪ੍ਰਤਾਪਪੁਰਾ ਵਿੱਚ ਇੱਕ ਹੋਰ ਜਗ੍ਹਾ 'ਤੇ ਛਾਪਾ ਮਾਰਿਆ ਅਤੇ 2 ਹੋਰ ਪਿਸਤੌਲ, 23 ਜ਼ਿੰਦਾ ਕਾਰਤੂਸ, 7 ਮੋਬਾਈਲ ਫੋਨ, ਇੱਕ ਸਮਾਰਟਵਾਚ ਅਤੇ 6 ਤੋਲੇ ਸੋਨੇ ਦੇ ਗਹਿਣੇ ਬਰਾਮਦ ਕੀਤੇ।ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਰਾਜਵੀਰ ਉਰਫ਼ ਰੋਹਿਤ, ਜੋ ਕਿ ਨਸ਼ੇ ਦਾ ਆਦੀ ਹੈ, ਆਪਣੇ ਪਿਤਾ ਰਾਜ ਕੁਮਾਰ ਨਾਲ ਮਿਲ ਕੇ ਹਥਿਆਰਬੰਦ ਡਕੈਤੀਆਂ ਅਤੇ ਰਾਤ ਦੇ ਸਮੇਂ ਹੋਣ ਵਾਲੀਆਂ ਚੋਰੀਆਂ ਵਿੱਚ ਸਰਗਰਮੀ ਨਾਲ ਸ਼ਾਮਲ ਸੀ।ਐਸਐਸਪੀ ਖੱਖ ਨੇ ਕਿਹਾ ਕਿ ਮੁਲਜ਼ਮ ਰਾਤ ਨੂੰ ਘਰਾਂ ਵਿੱਚ ਦਾਖਲ ਹੁੰਦੇ ਸਨ ਅਤੇ ਬੰਦੂਕ ਦੀ ਨੋਕ 'ਤੇ ਰਾਹਗੀਰਾਂ ਨੂੰ ਲੁੱਟਦੇ ਸਨ ਅਤੇ ਉਨ੍ਹਾਂ ਨੂੰ ਮੋਬਾਈਲ ਫੋਨ, ਨਕਦੀ ਅਤੇ ਕੀਮਤੀ ਸਮਾਨ ਦੇਣ ਦੀ ਧਮਕੀ ਦਿੰਦੇ ਸਨ। ਪੁੱਛਗਿੱਛ ਦੌਰਾਨ, ਮੁਲਜ਼ਮਾਂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੇ ਹਥਿਆਰ ਸ਼ਰਨਜੀਤ ਸਿੰਘ ਉਰਫ਼ ਸੋਨੂੰ ਪੁੱਤਰ ਬਹਾਦਰ ਸਿੰਘ, ਵਾਸੀ ਸੈਦਪੁਰ ਝਿੜੀ ਤੋਂ ਪ੍ਰਾਪਤ ਕੀਤੇ ਸਨ।ਇਸ ਸਬੰਧ ਵਿੱਚ ਥਾਣਾ ਮਹਿਤਪੁਰ ਵਿਖੇ ਧਾਰਾ 305(ਏ), 309(3) ਬੀਐਨਐਸ ਅਤੇ ਅਸਲਾ ਐਕਟ ਦੀਆਂ ਧਾਰਾਵਾਂ 25-54-59 ਤਹਿਤ ਐਫ ਆਈ ਆਰ ਨੰਬਰ 13 ਮਿਤੀ 22.01.2025 ਦਰਜ ਕੀਤੀ ਗਈ ਹੈ।

ਰਸੂਲਪੁਰ ਕਲਾਂ 'ਚ ਮੁਫਤ ਯੋਗ ਕਲਾਸਾਂ ਸ਼ੁਰੂ

ਕਾਲਾ ਸੰਘਿਆਂ (ਮਨਜੀਤ ਮਾਨ)—ਪਿੰਡ ਦੀ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ/ ਆਯੂਸ਼ ਹੈਲਥ ਐਂਡ ਵੈਲਨੈਸ ਸੈਂਟਰ, ਕਮਿਊਨਿਟੀ ਅਤੇ ਸਰਕਾਰੀ ਸਕੂਲ ਰਸੂਲਪੁਰ ਕਲਾਂ ਵਿੱਚ ਸਰਕਾਰ ਵੱਲੋ ਰੋਜ਼ਾਨਾ ਮੁਫ਼ਤ ਵਿੱਚ ਯੋਗ ਦੀ ਕਲਾਸਾਂ ਲੱਗ ਰਹੀਆਂ ਹਨ। ਜੋ ਵੀ ਯੋਗ ਸਿੱਖ ਕੇ ਆਪਣੇ ਆਪ ਨੂੰ ਫਿੱਟ ਅਤੇ ਬਿਮਾਰੀਆਂ ਤੋਂ ਮੁਕਤ ਰੱਖਣਾ ਚਾਹੁੰਦੇ ਹਨ ਉਹ ਡਿਸਪੈਂਸਰੀ ਵਿਚ ਆ ਕੇ ਮੁਫ਼ਤ ਵਿਚ ਯੋਗ ਸਿੱਖ ਸਕਦੇ ਹਨ।ਇਸ ਤੋਂ ਇਲਾਵਾ ਸਰਕਾਰੀ ਪ੍ਰਾਇਮਰੀ ਸਕੂਲ ਰਸੂਲਪੁਰ ਕਲਾਂ ਅਤੇ ਸਰਕਾਰੀ ਹਾਈ ਸਕੂਲ ਰਸੂਲਪੁਰ ਕਲਾਂ ਵਿਖੇ ਬੱਚਿਆਂ ਦੇ ਸਰਵਪੱਖੀ ਵਿਕਾਸ ਵਾਸਤੇ ਵੀ ਯੋਗ ਸੈਸ਼ਨ ਹੁੰਦੇ ਹਨ ਤਾਂ ਕਿ ਬੱਚੇ ਫਿਟ ਅਤੇ ਬਿਮਾਰੀਆਂ ਤੋਂ ਮੁਕਤ ਰਹਿ ਸਕਣ।

ਲਾਇਲਪੁਰ ਖ਼ਾਲਸਾ ਕਾਲਜ 'ਚ ਦੋ ਰੋਜ਼ਾ ਈਵੈਂਟ 'ਆਈ ਟੀ ਸਪਾਰਕ'

ਜਲੰਧਰ (ਸ਼ੈਲੀ ਐਲਬਰਟ)

ਵਿਦਿਆਰਥੀਆਂ ਵਿੱਚ ਸਰਵਪੱਖੀ ਪ੍ਰਤਿਭਾ ਨੂੰ ਉਭਾਰਨ ਦੇ ਮਕਸਦ ਨਾਲ ਲਾਇਲਪੁਰ ਖ਼ਾਲਸਾ ਕਾਲਜ ਦੇ ਕੰਪਿਊਟਰ ਸਾਇੰਸ ਅਤੇ ਆਈ.ਟੀ. ਵਿਭਾਗ ਵੱਲੋਂ ਸਾਲਾਨਾ ਮੁਕਾਬਲਿਆਂ ਦਾ ਈਵੈਂਟ 'ਆਈ.ਟੀ. ਸਪਾਰਕ' ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਪ੍ਰਧਾਨਗੀ ਕੀਤੀ । ਪ੍ਰਿੰਸੀਪਲ ਡਾ. ਜਸਪਾਲ ਸਿੰਘ, ਵਿਭਾਗ ਦੇ ਮੁਖੀ ਪ੍ਰੋ. ਸੰਜੀਵ ਕੁਮਾਰ ਆਨੰਦ ਅਤੇ ਵਿਭਾਗ ਦੇ ਸੀਨੀਅਰ ਅਧਿਆਪਕਾਂ ਨੇ ਸ਼ਮ੍ਹਾਂ ਰੌਸ਼ਨ ਕਰਕੇ ਸਮਾਗਮ ਦੀ ਸ਼ੁਰੂਆਤ ਕੀਤੀ । ਉਹਨਾਂ ਆਪਣੇ ਉਦਘਾਟਨੀ ਭਾਸ਼ਣ ਵਿੱਚ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਿਦਿਆਰਥੀ ਪ੍ਰਤਿਭਾਗੀਆਂ ਦੀ ਸਫਲਤਾ ਦੀ ਕਾਮਨਾ ਕੀਤੀ ਅਤੇ ਵਿਦਿਆਰਥੀਆਂ ਦੀ ਸਮੁੱਚੀ ਸ਼ਖਸੀਅਤ ਨੂੰ ਆਕਾਰ ਦੇਣ ਵਿੱਚ ਅਜਿਹੇ ਸਮਾਗਮਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ । ਉਨ੍ਹਾਂ ਇਨ੍ਹਾਂ ਮੁਕਾਬਲਿਆਂ ਨੂੰ ਪ੍ਰਤਿਭਾ ਨਿਖਾਰਣ ਅਤੇ ਵਿਦਿਆਰਥੀਆ ਦੇ ਸਰਵਪੱਖੀ ਵਿਕਾਸ ਲਈ ਇੱਕ ਅਹਿਮ ਮੰਚ ਦੱਸਿਆ । ਵਿਭਾਗ ਦੇ ਲਗਭਗ 300 ਵਿਦਿਆਰਥੀਆਂ ਨੇ ਦੋ ਦਿਨਾਂ ਦੌਰਾਨ 20 ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ, ਜਿਵੇਂ ਕਿ ਐਡ-ਮੈਡ ਸ਼ੋਅ, ਕੈਪਸ਼ਨ ਰਾਈਟਿੰਗ, ਕੋਰੀਓਗ੍ਰਾਫੀ, ਡੀਬੱਗਿੰਗ, ਹੈਂਡਸ ਆਨ ਕੀਬੋਰਡ, ਆਈਡੀਆ ਸਨੈਪਸ਼ਾਟ, ਆਈ.ਟੀ. ਕਾਰਟੂਨਿੰਗ, ਆਈ.ਟੀ. ਕੋਲਾਜ, ਆਈ.ਟੀ. ਕੁਇਜ਼, ਲਾਜਿਕ ਵਰਲਪੂਲ, ਲੋਗੋ ਡਿਜ਼ਾਈਨਿੰਗ, ਨੈੱਟ ਸੈਵੀ, ਨਿਊਜ਼ ਰੀਡਿੰਗ, ਪਿਕਸਲ ਪਲੱਸ, ਪੋਸਟਰ ਮੇਕਿੰਗ, ਆਰਜੇਇੰਗ, ਸ਼ਾਰਟ ਮੂਵੀ ਸ਼ੋਅਕੇਸ, ਸਾਫਟਵੇਅਰ ਵੈੱਬ ਸ਼ੋਅਕੇਸ, ਟੈਕ-ਜੀਡੀ, ਅਤੇ ਟੈਸਟ ਯੂਅਰ ਟੈਕਨੀਕਲ

ਸਕਿੱਲਜ਼। ਵਿਭਾਗ ਦੇ ਮੁਖੀ, ਪ੍ਰੋ. ਸੰਜੀਵ ਕੁਮਾਰ ਆਨੰਦ ਨੇ ਮੁੱਖ ਮਹਿਮਾਨ ਪ੍ਰਿੰਸੀਪਲ ਡਾ. ਜਸਪਾਲ ਸਿੰਘ ਅਤੇ ਸਾਰੇ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ । ਉਨ੍ਹਾਂ ਨੇ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਵਿੱਚ ਆਈ.ਟੀ. ਸਪਾਰਕ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਇਹ ਕਿਵੇਂ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਕਰਦਾ ਹੈ। ਇਸ ਪ੍ਰੋਗਰਾਮ ਦੇ ਕੋਆਰਡੀਨੇਟਰ ਪ੍ਰੋ. ਮਨਦੀਪ ਸਿੰਘ ਭਾਟੀਆ ਸਨ। ਇਸ ਮੌਕੇ ਪ੍ਰੋ. ਸੰਦੀਪ ਬੱਸੀ, ਡਾ. ਸੰਦੀਪ ਸਿੰਘ, ਡਾ. ਮਨਪ੍ਰੀਤ ਸਿੰਘ ਲਹਿਲ, ਪ੍ਰੋ. ਰਤਨਾਕਰ ਮਾਨ, ਪ੍ਰੋ. ਦਲਜੀਤ ਕੌਰ, ਪ੍ਰੋ. ਨਵਨੀਤ ਕੌਰ, ਪ੍ਰੋ. ਰਜਤ ਕੌਰ, ਪ੍ਰੋ. ਓਂਕਾਰ ਅਤੇ ਵਿਭਾਗ ਦੇ ਹੋਰ ਸਟਾਫ਼ ਮੈਂਬਰਾਂ ਦੀ ਹਾਜ਼ਰੀ ਦੇਖਣ ਨੂੰ ਮਿਲੀ। ਮੰਚ ਦਾ ਸੰਚਾਲਨ ਡਾ. ਦਲਜੀਤ ਕੌਰ ਨੇ ਨਿਭਾਇਆ। ਅੰਤ ਵਿਚ ਸਾਰੇ ਵਿਦਿਆਰਥੀ ਭਾਗੀਦਾਰਾਂ ਨੂੰ ਸਰਟੀਫਿਕੇਟ ਵੀ ਤਕਸੀਮ ਕੀਤੇ ਗਏ।

ਰੇਡੀਐਂਟ ਪਬਲਿਕ ਸਕੂਲ ਦਾ ਸਾਲਾਨਾ ਸਮਾਗਮ 'ਸੰਦਲੀ ਵਿਰਸਾ' ਅਮਿੱਟ ਯਾਦਾਂ ਛੱਡਦਾ ਸੰਪੰਨ

ਫਾਜ਼ਿਲਕਾ (ਨਿਸ਼ਾ ਸ਼ਰਮਾ)

ਰੇਡੀਐਂਟ ਪਬਲਿਕ ਸਕੂਲ ਸਕੂਲ 'ਚ ਸਲਾਨਾ ਸਮਾਗਮ 'ਸੰਦਲੀ ਵਿਰਸਾ' ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵਿਦਿਆਰਥੀਆਂ ਦੇ ਉਤਸ਼ਾਹ ਅਤੇ ਪ੍ਰਤਿਭਾ ਦਾ ਪ੍ਰਗਟਾਵਾ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ਤੇ ਰੋਬੋਟਿਕਸ ਪ੍ਰਦਰਸ਼ਨੀ, ਵਿਰਸੇ ਨਾਲ ਸੰਬੰਧਤ ਕਈ ਪ੍ਰਦਰਸ਼ਨੀਆਂ ਦਾ ਆਯੋਜਨ ਕੀਤਾ ਗਿਆ। ਰੋਬੋਟਿਕਸ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਨੇ ਆਪਣੀਆਂ ਸਾਇੰਸ ਅਤੇ ਤਕਨੀਕ ਨਾਲ ਜੁੜੀਆਂ ਪ੍ਰੋਜੈਕਟਾਂ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਰੋਬੋਟਿਕਸ ਤਕਨਾਲੋਜੀ ਦੀ ਵਰਤੋਂ ਨਾਲ ਬਣਾਏ ਰੋਬੋਟ, ਆਟੋਮੈਟਿਕ ਮਸ਼ੀਨਾਂ ਅਤੇ ਇਨੋਵੇਟਿਵ ਮਾਡਲ ਪੇਸ਼ ਕੀਤੇ। ਵਿਰਸੇ ਨਾਲ ਸੰਬੰਧਤ ਸਕੂਲ ਦੇ ਵਿਦਿਆਰਥੀਆਂ ਨੇ ਗੀਤ-ਸੰਗੀਤ, ਭੰਗੜਾ, ਗਿੱਧਾ, ਨਾਟਕ ਅਤੇ ਹੋਰ ਕਲਾਤਮਕ ਪ੍ਰਦਰਸ਼ਨਾਂ ਰਾਹੀਂ ਦਰਸ਼ਕਾਂ ਦਾ ਦਿਲ ਜਿੱਤਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਇੰਟਰਨੈਸ਼ਨਲ ਪੋਲੋ ਖਿਡਾਰੀ ਅਤੇ ਭਾਰਤੀ ਪੋਲੋ ਖੇਡ ਦੇ ਕਪਤਾਨ ਕਰਨਲ ਤਰਸੇਮ ਸਿੰਘ ਵੜੈਚ ਨੇ ਸ਼ਿਰਕਤ ਕੀਤੀ।ਉਨ੍ਹਾਂ ਨੇ ਵਿਦਿਆਰਥੀਆਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹਨ ਅਤੇ ਉਨ੍ਹਾਂ ਦੇ ਸਰਗਰਮ ਭਵਿੱਖ ਲਈ ਨਵੇਂ ਰਾਹ ਖੋਲ੍ਹਦੇ ਹਨ। ਇਸ ਦੇ ਨਾਲ ਹੀ ਉਹਨਾਂ ਵੱਲੋਂ ਭਵਿੱਖ ਵਿੱਚ ਸਕੂਲ ਕੈਂਪਸ ਵਿੱਚ ਪੋਲੋ ਖੇਡ ਸ਼ੁਰੂ ਕਰਨ ਲਈ ਸਕੂਲ ਨੂੰ ਇੱਕ ਘੋੜਾ ਭੇਟਾ ਦੇ ਰੂਪ ਵਿੱਚ ਦੇਣ ਦਾ ਐਲਾਨ ਕੀਤਾ। ਸਕੂਲ ਦੀ ਰੌਣਕ ਨੂੰ ਵਧਾਉਣ ਦੇ ਲਈ ਸਕੂਲ ਵਿਖੇ ਹੋਰ ਮਹਿਮਾਨ ਅੰਡਰ-20 ਡਿਸਕਸ ਥਰੋਅ ਵਰਲਡ ਚੈਂਪੀਅਨ ਅਤੇ ਏਸ਼ੀਅਨ ਚੈਂਪੀਅਨ ਅਮਾਨਤ ਕੰਬੋਜ, ਮਹਿੰਦਰ ਸਿੰਘ ਭੋਲਾ, ਜਨਰਲ ਸੈਕਟਰੀ ਪੂਸਾ, ਇੰਜੀ. ਬਾਬੂ ਲਾਲ ਅਰੋੜਾ ਸੰਸਥਾਪਕ ਅਰੋੜਾ ਵੈਲਫੇਅਰ ਐਸੋਸੀਏਸ਼ਨ ਫਾਜ਼ਿਲਕਾ, ਪੰਕਜ ਅੰਗੀ ਡਿਪਟੀ ਡੀ ਓ ਸੈਕੰਡਰੀ ਐਜੂਕੇਸ਼ਨ ਫਾਜ਼ਿਲਕਾ, ਪਰਵਿੰਦਰ ਸਿੰਘ ਡਿਪਟੀ ਡੀ ਓ ਐਲੀਮੈਂਟਰੀ ਐਜੂਕੇਸ਼ਨ ਫਾਜ਼ਿਲਕਾ, ਐਡਵੋਕੇਟ ਰਵੀ

ਪਾਲ ਮੱਕੜ ਚੇਅਰਮੈਨ ਚਾਣਕਿਆ ਸਕੂਲ ਫਾਜ਼ਿਲਕਾ, ਡਾ. ਪੰਕਜ ਧਮੀਜਾ ਪ੍ਰਿੰਸੀਪਲ ਪਾਥਵੇ ਸਕੂਲ ਕੋਟ-ਈਸੇ-ਖਾਂ, ਮਧੂ ਸ਼ਰਮਾ ਪ੍ਰਿੰਸੀਪਲ ਸਰਵਹਿੱਤਕਾਰੀ, ਸਕੂਲ ਫਾਜ਼ਿਲਕਾ, ਸੁਮਨ ਬੱਬਰ ਪ੍ਰਿੰਸੀਪਲ ਅੰਮ੍ਰਿਤ ਮਾਡਲ ਸਕੂਲ ਫਾਜ਼ਿਲਕਾ, ਅਰੁਣਾ ਮਿਡਾ ਪ੍ਰਿੰਸੀਪਲ ਐਕਮੇ ਸਕੂਲ ਜਲਾਲਾਬਾਦ, ਐਡਵੋਕੇਟ ਸੰਜੀਵ ਬਾਂਸਲ ਮਾਰਸ਼ਲ ਸਮਾਜ ਸੇਵੀ, ਨੈਸ਼ਨਲ ਐਵਾਰਡੀ ਲਵਜੀਤ ਗਰੇਵਾਲ ਸਮਾਰਟ ਸਕੂਲ ਚਾਨਣ ਵਾਲਾ, ਪ੍ਰਿੰਸੀਪਲ ਸੁਭਾਸ਼ ਨਰੂਲਾ ਡੱਬਵਾਲਾ ਕਲਾਂ, ਵਿਨੋਦ ਜਾਗਿੜ ਸਮਾਜ ਸੇਵੀ, ਡਾ. ਬੀ.ਡੀ ਕਾਲੜਾ ਸਮਾਜ ਸੇਵੀ, ਬਾਬਾ ਸੋਹਣ ਸਿੰਘ ਗੁਰਦੁਆਰਾ ਸੰਤ ਬਾਬਾ ਤਾਰਾ ਸਿੰਘ ਖੁਸ਼ਦਿਲ, ਨਰੇਸ਼ ਸੱਪੜਾ ਪ੍ਰਿੰਸੀਪਲ ਜੇ ਵੀ ਜੈਨ ਸਕੂਲ ਚਵਾੜਿਆਂਵਾਲੀ, ਕਵਿਤਾ ਸਪੜਾ ਪ੍ਰਿੰਸੀਪਲ ਜੀਨੀਅਸ ਸਕੂਲ, ਪਰਮਜੀਤ ਸਿੰਘ ਵੈਰੜ ਚੇਅਰਮੈਨ ਵਿਜ਼ਡਮ ਕਾਨਵੈਂਟ ਸਕੂਲ ਫਾਜ਼ਿਲਕਾ, ਗੌਰਵ ਝਿੰਜਾ ਚੇਅਰਮੈਨ ਕੋਫੀ ਇੰਟਰਨੈਸ਼ਨਲ ਸਕੂਲ ਫਾਜ਼ਿਲਕਾ, ਦੀਪਕ ਨਾਗਪਾਲ ਸਰਹੱਦ ਕੇਸਰੀ, ਮਨੋਜ ਨਾਗਪਾਲ ਸਰਹੱਦ ਕੇਸਰੀ, ਨਿੰਦਰ ਕੌਰ ਮੁੱਖ ਅਧਿਆਪਕ ਰਘੂਨਾਥ ਮੰਦਰ ਚੈਰੀਟੇਬਲ ਟਰੱਸਟ ਸਕੂਲ, ਪ੍ਰਿਤਪਾਲ ਸਿੰਘ ਰੈਡਰੋਜ਼ ਸਕੂਲ ਜੰਡਵਾਲਾ ਭੀਮੇਸ਼ਾਹ, ਸਾਇੰਸ ਅਧਿਆਪਕ ਸੁਮੀਤ ਸਿੰਘ ਜੰਡਵਾਲਾ ਭੀਮੇਸ਼ਾਹ, ਅਸ਼ੋਕ ਕੁਮਾਰ ਡੀਪੀ ਸਕੂਲ ਆਫ ਐਮੀਨੈਂਸ ਅਰਨੀਵਾਲਾ, ਸ਼ਾਮ ਲਾਲ ਅਰੋੜਾ ਨਵਯੁੱਗ ਸਕੂਲ ਅਬੋਹਰ, ਸੁਖਵਿੰਦਰ ਕੰਬੋਜ ਚੇਅਰਮੈਨ ਇੰਪੀਰੀਅਲ ਸਕੂਲ ਖੂਹੀਆਂ ਸਰਵਰ ਅਤੇ ਕਈ ਹੋਰ ਮਹਿਮਾਨਾਂ ਨੇ ਸ਼ਿਰਕਤ ਕੀਤੀ। ਸਮਾਗਮ ਵਿੱਚ ਉਸ ਸਮੇਂ ਤਾੜੀਆਂ ਦੀ ਗੂੰਜ ਦੇ ਨਾਲ ਗੂੰਜ ਉੱਠਿਆ ਜਦੋਂ ਤਿੰਨ ਸਾਲਾਂ ਦੇ ਬੱਚੇ ਨੇ ਮਾਰਸ਼ਲ ਆਰਟ ਦੇ ਰਾਹੀਂ ਆਪਣੇ ਜੌਹਰ ਦਿਖਾਏ। ਮੁੱਖ ਮਹਿਮਾਨ ਕਰਨਲ ਤਰਸੇਮ ਸਿੰਘ ਨੇ ਵਿਦਿਆਰਥੀਆਂ ਨਾਲ ਮਿਲ ਕੇ ਭੰਗੜਾ ਪਾਇਆ । ਇਸ ਦੌਰਾਨ ਕਰਨਲ ਤਰਸੇਮ ਸਿੰਘ ਵੜੈਚ ਨੇ ਆਪਣੀ ਜੀਵਨੀ ਨਾਲ ਸੰਬੰਧਤ ਵਿਚਾਰ ਪੇਸ਼ ਕੀਤੇ। ਸਕੂਲ ਪ੍ਰਿੰਸੀਪਲ ਨੀਤੀ ਸਿੰਘ ਨੇ ਸਕੂਲ ਵੱਲੋਂ ਸੈਸ਼ਨ 2024-2025 ਵਿੱਚ ਪ੍ਰਾਪਤ ਕੀਤੀਆਂ ਵੱਖ ਵੱਖ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ।ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਕਪਿਲ ਦਹੂਜਾ ਨੇ ਇਹਨਾਂ ਪ੍ਰਾਪਤੀਆਂ ਦੇ ਲਈ ਸਕੂਲ ਦੇ ਮਿਹਨਤੀ ਸਟਾਫ ਦੀ ਹੌਸਲਾ ਅਫਜ਼ਾਈ ਕੀਤੀ । ਸਕੂਲ ਪ੍ਰਬੰਧਕੀ ਕਮੇਟੀ ਦੇ ਸੈਕਟਰੀ ਰਮੇਸ਼ ਗ੍ਰੋਬਰ ਨੇ ਸਾਰੇ ਵਿਦਿਆਰਥੀਆਂ, ਅਧਿਆਪਕਾਂ